
People's Herald

Rs- 160/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 30 ਅਕਤੂਬਰ 2025 ਵੀਰਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਉਸ ਗਦਰੀ ਗੁਲਾਬ ਕੌਰ ਦੀ 100ਵੀਂ ਬਰਸੀ ਜਿਸ ਨੇ ਦੇਸ਼ ਦੀ ਅਜ਼ਾਦੀ ਵਿੱਚ ਹਿੱਸਾ ਪਾਉਣ ਅਤੇ ਗਦਰੀ ਘੋਲ ਪੁਗਾਉਣ ਲਈ ਪਤੀ ਨੂੰ ਛੱਡਿਆ

"ਪਤਾ ਨਹੀਂ ਕਿੰਨੇ ਹੀ ਦ੍ਰਿੜ ਇਰਾਦੇ ਵਾਲੀ ਔਰਤ ਹੋਵੇਗੀ ਉਹ ,ਜਿਸ ਨੇ ਉਨ੍ਹਾਂ ਸਮਿਆਂ ਵਿੱਚ ਉਹ ਕੀਤਾ ਜੋ ਫੈਸਲਾ ਕਰਨ ਬਾਰੇ ਸ਼ਾਇਦ ਅੱਜ ਦੀ ਔਰਤ ਵੀ ਹਿੰਮਤ ਨਾ ਕਰ ਸਕੇ।"

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com

"ਪਤਾ ਨਹੀਂ ਕਿੰਨੇ ਹੀ ਦ੍ਰਿੜ ਇਰਾਦੇ ਵਾਲੀ ਔਰਤ ਹੋਵੇਗੀ ਉਹ ,ਜਿਸ ਨੇ ਉਨ੍ਹਾਂ ਸਮਿਆਂ ਵਿੱਚ ਉਹ ਕੀਤਾ ਜੋ ਫੈਸਲਾ ਕਰਨ ਬਾਰੇ ਸ਼ਾਇਦ ਅੱਜ ਦੀ ਔਰਤ ਵੀ ਹਿੰਮਤ ਨਾ ਕਰ ਸਕੇ।"

ਇਹ ਲਫਜ਼ ਸੰਗਰੂਰ ਜ਼ਿਲ੍ਹੇ ਦੇ ਪਿੰਡ ਬਖ਼ਸ਼ੀਵਾਲਾ ਦੀ ਗਦਰੀ ਗੁਲਾਬ ਕੌਰ ਬਾਰੇ ਦੱਸਦੇ ਹੋਏ ਸ਼ਿੰਦਰਪਾਲ ਕੌਰ ਨੇ ਮਾਣ ਨਾਲ ਕਹੇ।

ਸੰਗਰੂਰ ਜ਼ਿਲ੍ਹੇ ਦਾ ਛੋਟਾ ਜਿਹਾ ਪਿੰਡ ਬਖ਼ਸ਼ੀਵਾਲਾ, ਜੋ ਆਪਣੇ ਪਿੰਡ ਦੀ ਧੀ ਗ਼ਦਰੀ ਗੁਲਾਬ ਕੌਰ ਦੀ 100ਵੀਂ ਬਰਸੀ ਮਨਾ ਰਿਹਾ ਹੈ। ਇੱਥੇ ਇੱਕ ਸਦੀ ਪਹਿਲਾਂ ਜੰਮੀ ਗ਼ਦਰੀ ਗੁਲਾਬ ਕੌਰ ਨੇ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕਿਆ ਸੀ।

ਉਸੇ ਧਰਤੀ 'ਤੇ ਲੋਕ ਉਨ੍ਹਾਂ ਦੀ ਯਾਦ ਵਿੱਚ 100 ਸਾਲਾ ਬਰਸੀ ਸਮਾਗਮ ਮਨਾ ਰਹੇ ਹਨ। ਉਨ੍ਹਾਂ ਦੀ ਕੁਰਬਾਨੀ ਅਤੇ ਹਿੰਮਤ ਨੂੰ ਨਾਟਕਾਂ, ਭਾਸ਼ਣਾਂ ਅਤੇ ਗੀਤਾਂ ਰਾਹੀਂ ਯਾਦ ਕੀਤਾ ਜਾ ਰਿਹਾ ਹੈ।

ਇਤਿਹਾਸਕਾਰਾਂ ਅਤੇ ਪਿੰਡ ਦੇ ਲੋਕਾਂ ਮੁਤਾਬਕ ਗੁਲਾਬ ਕੌਰ ਦਾ ਜਨਮ ਸਾਲ 1890 ਦੇ ਆਸਪਾਸ ਹੋਇਆ ਸੀ, ਹਾਲਾਂਕਿ




ਉਨ੍ਹਾਂ ਦੀ ਅਸਲ ਜਨਮ ਮਿਤੀ ਬਾਰੇ ਕੋਈ ਪੁਖਤਾ ਸਰੋਤ ਨਹੀਂ ਮਿਲਦੇ।

ਪਿੰਡ ਵਾਲੇ ਇਤਿਹਾਸਕ ਤੱਥਾਂ ਮੁਤਾਬਕ, ਉਹ ਦੱਸਦੇ ਹਨ ਕਿ ਪਿੰਡ ਦੀ ਇੱਕ ਜਗ੍ਹਾ 'ਤੇ ਬਣੇ ਡੇਰੇ ਦੇ ਮਹੰਤ ਕੋਲੋਂ ਗੁਲਾਬ ਕੌਰ ਨੇ ਪੰਜਾਬੀ ਲਿਖਣੀ ਅਤੇ ਪੜ੍ਹਨੀ ਸਿੱਖੀ।

### ਮਾਨ ਸਿੰਘ ਨਾਲ ਵਿਆਹ ਅਤੇ ਮਨੀਲਾ ਤੋਂ ਵਾਪਸ ਆਉਣਾ

ਗੁਲਾਬ ਕੌਰ ਬਾਰੇ ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਦੀ ਵੈਬਸਾਈਟ ਉੱਤੇ ਦਿੱਤੀ ਜਾਣਕਾਰੀ ਮੁਤਾਬਕ ਉਨ੍ਹਾਂ ਦਾ ਵਿਆਹ ਨਜ਼ਦੀਕੀ ਪਿੰਡ ਜਖੇਪਲ ਦੇ ਮਾਨ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਦੋਵੇਂ ਜਣੇ ਬਿਹਤਰ ਜ਼ਿੰਦਗੀ ਦੀ ਭਾਲ ਵਿੱਚ ਮਨੀਲਾ ਪਰਵਾਸ ਕਰ ਗਏ। ਇੱਥੋਂ ਉਨ੍ਹਾਂ ਨੇ ਅੱਗੇ ਅਮਰੀਕਾ ਜਾਣਾ ਸੀ।

ਪਰ ਦੇਸ਼ ਲਈ ਪਿਆਰ ਕਰਕੇ ਗੁਲਾਬ ਕੌਰ ਨੇ ਅਜਿਹਾ ਰਾਹ ਚੁਣਿਆ ਜੋ ਉਨ੍ਹਾਂ ਨੂੰ ਅਮਰੀਕਾ ਲੈ ਜਾਣ ਦੀ ਬਜਾਏ ਭਾਰਤ ਵਾਪਸ ਲੈ ਆਇਆ।

ਮਨੀਲਾ ਵਿੱਚ ਮਾਨ ਸਿੰਘ ਨੇ ਇੱਕ ਗ਼ਦਰੀ ਸਭਾ ਵਿੱਚ ਸ਼ਿਰਕਤ ਕੀਤੀ ਅਤੇ ਦੋਵੇਂ ਜਣੇ ਅਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੋ ਗਏ। ਕੁਝ ਸਮੇਂ ਬਾਅਦ ਮਾਨ ਸਿੰਘ ਨੇ ਗ਼ਦਰ ਲਹਿਰ ਤੋਂ ਆਪਣੇ ਪੈਰ ਪਿੱਛੇ ਖਿੱਚ ਲਏ ਪਰ ਮਾਤਾ ਗੁਲਾਬ ਕੌਰ ਆਪਣੇ ਕੌਲ ਉੱਪਰ ਟਿਕੇ ਰਹੇ। ਦੇਸ਼ ਦੀ ਅਜ਼ਾਦੀ ਲਈ ਉਨ੍ਹਾਂ ਨੇ ਆਪਣੇ ਪਤੀ ਨੂੰ ਵੀ ਛੱਡ ਦਿੱਤਾ।

ਉਹ ਫਿਲੀਪੀਨਜ਼ ਦੇ 40 ਹੋਰ ਗ਼ਦਰੀਆਂ ਨਾਲ ਐੱਸਐੱਸ ਕੋਰੀਆ ਜਹਾਜ਼ ਰਾਹੀਂ ਭਾਰਤ ਲਈ ਰਵਾਨਾ ਹੋਏ ਜੱਥੇ ਦਾ ਹਿੱਸਾ ਬਣ ਗਏ। ਸਿੰਗਾਪੁਰ ਤੋਂ ਜੱਥਾ ਐੱਸਐੱਸ ਕੋਰੀਆ ਛੱਡ ਕੇ ਤੋਸ਼ਾ ਮਾਰੂ ਵਿੱਚ ਸਵਾਰ ਹੋ ਗਿਆ। ਭਾਰਤ ਪਹੁੰਚਣ ਉੱਤੇ ਗੁਲਾਬ ਕੌਰ ਕੁਝ ਹੋਰ ਗ਼ਦਰੀਆਂ ਨਾਲ ਕਪੂਰਥਲਾ, ਹੁਸ਼ਿਆਰਪੁਰ, ਜਲੰਧਰ ਵਿੱਚ ਸਰਗਰਮ ਰਹੇ।

### ਗੁਲਾਬ ਕੌਰ ਨੂੰ ਦੇਸ਼ ਪਰਤਣ ਦੀ ਤਾਂਘ ਕਿਵੇਂ ਹੋਈ

ਗੁਲਾਬ ਕੌਰ 'ਤੇ ਕਿਤਾਬ ਲਿਖ ਚੁੱਕੇ ਡਾ. ਰਘਵੀਰ ਕੌਰ ਨੇ ਬੀਬੀਸੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇਂ ਗਦਰੀ ਗੁਲਾਬ ਕੌਰ ਨੂੰ ਇਸ ਦੁਨੀਆ ਤੋਂ ਵਿਦਾ ਹੋਏ 100 ਸਾਲ ਹੋ ਗਏ ਹਨ, ਪਰ ਉਹ ਅੱਜ ਵੀ ਵਿਚਾਰਧਾਰਕ ਤੌਰ 'ਤੇ ਸਾਡੇ ਲੋਕਾਂ ਵਿੱਚ ਜਿਉਂਦੇ ਹਨ।

ਉਹ ਕਹਿੰਦੇ ਹਨ ਕਿ ਬੀਬੀ ਗੁਲਾਬ ਕੌਰ ਦੇ ਮਾਤਾ-ਪਿਤਾ ਬਾਰੇ ਕੋਈ ਅਧਿਕਾਰਿਤ ਤੱਥ ਨਹੀਂ ਮਿਲਦੇ ਸਨ, ਜਿਸ ਕਾਰਨ ਸਮਝਿਆ ਜਾਂਦਾ ਸੀ ਕਿ ਬੀਬੀ ਗੁਲਾਬ ਕੌਰ ਦਾ ਕੋਈ ਵਾਰਸ ਨਹੀਂ। ਪਰ ਉਨ੍ਹਾਂ ਦੀ ਬਰਸੀ ਮੌਕੇ ਹੋਏ ਸਮਾਗਮ ਰਾਹੀਂ ਪਿੰਡ ਬਖ਼ਸ਼ੀਵਾਲਾ ਦੇ ਲੋਕਾਂ ਨੇ ਇਹ ਸਾਬਤ ਕੀਤਾ ਹੈ ਕਿ ਉਸਦੇ ਵਾਰਸ ਅਜੇ ਵੀ ਜਿਉਂਦੇ ਹਨ।

ਉਹ ਕਹਿੰਦੇ ਹਨ, "ਲੋਕ ਬ੍ਰਿਟਿਸ਼ ਸਰਕਾਰ ਦਾ ਨਾਮ ਲੈਣ ਤੋਂ ਵੀ ਡਰਦੇ ਸਨ, ਉਸ ਸਮੇਂ ਵਿੱਚ ਇੱਕ ਔਰਤ ਵੱਲੋਂ ਮੌਜੂਦਾ ਹਕੂਮਤ ਨਾਲ ਟੱਕਰ ਲੈਣਾ ਬਹੁਤ ਵੱਡੀ ਗੱਲ ਸੀ। ਉਨ੍ਹਾਂ ਨੇ ਨਾ ਸਿਰਫ਼ ਟੱਕਰ ਲਈ ਸਗੋਂ ਹੋਰਨਾਂ ਨੂੰ ਵੀ ਵੰਗਾਰਿਆ ਕਿ ਅਜ਼ਾਦੀ ਲਈ ਲੜਿਆ ਜਾਵੇ।"

ਡਾ. ਰਘਵੀਰ ਕੌਰ ਮੁਤਾਬਕ

ਬਾਕੀ ਖਬਰ ਸਫਾ 2 ਤੇ

## ਕੈਬਨਿਟ ਸਬ-ਕਮੇਟੀ ਸੇਵਾ ਨਿਯਮਾਂ 'ਚ ਇਕਸਾਰਤਾ ਲਈ ਅਫਸਰਸ਼ਾਹੀ ਕਮੇਟੀ ਦੇ ਗਠਨ ਦੀ ਕਰੇਗੀ ਸਿਫਾਰਿਸ਼ : ਹਰਪਾਲ ਸਿੰਘ ਚੀਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com

ਮਨਿਸਟੀਰੀਅਲ ਸੇਵਾਵਾਂ ਕੇਡਰ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਚਿੰਤਾਵਾਂ ਦੇ ਹੱਲ ਵੱਲ ਕਦਮ ਪੁੱਟਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਕਿ ਮੁਲਾਜ਼ਮਾਂ ਦੇ ਮੁੱਦਿਆਂ ਬਾਰੇ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਅੱਜ ਇਥੇ ਕਿਹਾ ਕਿ ਕੈਬਨਿਟ ਸਬ-ਕਮੇਟੀ ਵੱਖ-ਵੱਖ ਵਿਭਾਗਾਂ ਵਿੱਚ ਮਨਿਸਟੀਰੀਅਲ ਸੇਵਾਵਾਂ ਕੇਡਰ ਲਈ ਇੱਕਸਾਰ ਸੇਵਾ ਨਿਯਮ ਬਣਾਉਣ ਦੀ ਸੰਭਾਵਨਾ ਦਾ ਅਧਿਐਨ ਕਰਨ ਲਈ ਇੱਕ ਅਫਸਰਸ਼ਾਹੀ ਕਮੇਟੀ ਬਣਾਉਣ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਿਫਾਰਸ਼ ਕਰੇਗੀ ਤਾਂ ਜੋ ਇੰਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਦੇ ਮਾਹੌਲ ਵਿੱਚ ਇਕਸਾਰਤਾ ਲਿਆਉਣ ਦੇ ਨਾਲ-ਨਾਲ ਕਿਸੇ ਵੀ ਤਰ੍ਹਾਂ ਦੇ ਮੌਜੂਦਾ ਵਖਰੇਵੇਂ ਨੂੰ ਦੂਰ ਕੀਤਾ ਜਾ ਸਕੇ।

ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਕਈ ਮੰਗਾਂ ਪਹਿਲਾਂ ਹੀ ਪ੍ਰਕਿਰਿਆ ਅਧੀਨ ਹਨ। ਉਨ੍ਹਾਂ ਜਵਾਬਦੇਹ ਅਤੇ ਪਾਰਦਰਸ਼ੀ ਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਯੂਨੀਅਨ ਦੀਆਂ ਹੋਰ ਜਾਇਜ਼ ਮੰਗਾਂ ਨੂੰ ਵੀ ਜਲਦੀ ਹੱਲ ਕੀਤਾ ਜਾਵੇਗਾ।

ਵਿੱਤ ਮੰਤਰੀ ਵੱਲੋਂ ਇਸ ਤੋਂ ਇਲਾਵਾ ਸਿੱਖਿਆ ਵਿਭਾਗ ਦੀਆਂ ਤਿੰਨ ਯੂਨੀਅਨਾਂ ਜਿਨ੍ਹਾਂ ਵਿੱਚ ਮਾਸਟਰ ਕੇਡਰ ਯੂਨੀਅਨ, ਐਲੀਮੈਂਟਰੀ ਟੀਚਰਜ਼ ਯੂਨੀਅਨ ਅਤੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਸ਼ਾਮਲ ਹਨ, ਨਾਲ ਵੀ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਦੌਰਾਨ ਯੂਨੀਅਨਾਂ ਵੱਲੋਂ ਤਨਖਾਹ, ਤਰੱਕੀ ਅਤੇ ਛੁੱਟੀਆਂ ਦੀਆਂ ਸਹੂਲਤਾ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ ਗਈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਪ੍ਰਕ੍ਰਿਆ ਅਧੀਨ ਮੁੱਦਿਆਂ ਨੂੰ ਹੱਲ ਕਰਨ ਵਿੱਚ ਤੇਜੀ ਲਿਆਉਣ ਅਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਹੋਰ ਜਾਇਜ਼ ਮੁੱਦਿਆਂ ਨੂੰ ਹੱਲ ਕਰਨ ਲਈ ਯੂਨੀਅਨ ਆਗੂਆਂ ਨਾਲ ਨਿਯਮਤ ਮੀਟਿੰਗਾਂ ਕਰਨ।

## ਰਿਟਾਇਰਮੈਂਟ ਤੋਂ ਬਾਅਦ ਉਸ ਨੂੰ ਅਹਿਸਾਸ ਹੋਇਆ ਕਿ ਉਹ ਗਧਾ ਸੀ...

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com

ਇੱਕ ਸੇਵਾਮੁਕਤ IAS ਸਚਿਵ ਦਰਜੇ ਦੇ ਅਧਿਕਾਰੀ ਦਾ ਦਿਵਾਲੀ ਲੇਖ ਸੋਸ਼ਲ ਮੀਡੀਆ 'ਤੇ ਪੜ੍ਹਨ ਨੂੰ ਮਿਲਿਆ, ਜਿਸ ਵਿੱਚ ਲਿਖਿਆ ਸੀ ਕਿ ਰਿਟਾਇਰਮੈਂਟ ਤੋਂ ਬਾਅਦ ਇਹ ਮੇਰੀ ਪਹਿਲੀ ਦਿਵਾਲੀ ਸੀ।

ਦਿਵਾਲੀ ਤੋਂ ਇੱਕ ਹਫ਼ਤਾ ਪਹਿਲਾਂ, ਲੋਕ ਤਰ੍ਹਾਂ-ਤਰ੍ਹਾਂ ਦੇ ਤੋਹਫ਼ੇ ਲੈ ਕੇ ਆਉਣੇ ਸ਼ੁਰੂ ਕਰ ਦਿੰਦੇ ਸਨ।

ਤੋਹਫ਼ੇ ਇੰਨੇ ਹੋ ਜਾਂਦੇ ਸਨ ਕਿ ਜਿਸ ਕਮਰੇ ਵਿੱਚ ਅਸੀਂ ਸਾਰਾ ਸਮਾਨ ਰੱਖਦੇ ਸਨ, ਉਹ ਕਿਸੇ ਤੋਹਫ਼ਿਆਂ ਦੀ ਦੁਕਾਨ ਵਰਗਾ ਲੱਗਦਾ ਸੀ।

ਸੁੱਕੇ ਮੇਵੇ ਇੰਨੇ ਜ਼ਿਆਦਾ ਹੋ ਜਾਂਦੇ ਸਨ ਕਿ ਰਿਸ਼ਤੇਦਾਰਾਂ ਤੇ ਦੋਸਤਾਂ ਵਿੱਚ ਵੰਡਣ ਤੋਂ ਬਾਅਦ ਵੀ ਬਹੁਤ ਬਚ ਜਾਂਦੇ ਸਨ। ਪਰ ਇਸ ਵਾਰੀ ਦੁਪਹਿਰ ਦੇ 2 ਵੱਜ ਚੁੱਕੇ ਸਨ ਤੇ ਕੋਈ ਵੀ ਸਾਨੂੰ ਦਿਵਾਲੀ ਦੀ ਵਧਾਈ ਦੇਣ ਨਹੀਂ ਆਇਆ ਸੀ।

ਮੈਂ ਇਸ ਤਕਦੀਰ ਦੇ ਉਲਟਫੇਰ ਨਾਲ ਬਹੁਤ ਉਦਾਸ ਮਹਿਸੂਸ ਕਰ ਰਿਹਾ ਸੀ। ਇਸ ਸੋਚ ਤੋਂ ਬਚਣ ਲਈ ਮੈਂ ਅਖ਼ਬਾਰ ਦਾ ਆਧਿਆਤਮਿਕ ਕਾਲਮ ਪੜ੍ਹਨਾ ਸ਼ੁਰੂ ਕੀਤਾ। ਖੁਸ਼ਕਿਸਮਤੀ ਨਾਲ



ਮੈਨੂੰ ਇੱਕ ਦਿਲਚਸਪ ਕਹਾਣੀ ਮਿਲੀ। ਇਹ ਇੱਕ ਗਧੇ ਬਾਰੇ ਸੀ।

ਉਹ ਗਧਾ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਆਪਣੀ ਪਿੱਠ ਉੱਤੇ ਚੁੱਕ ਕੇ ਪੂਜਾ ਸਮਾਰੋਹ ਲਈ ਲੈ ਜਾ ਰਿਹਾ ਸੀ। ਰਸਤੇ ਵਿੱਚ ਜਦੋਂ ਉਹ ਪਿੰਡਾਂ ਵਿੱਚੋਂ ਲੰਘਦਾ, ਲੋਕ ਮੂਰਤੀਆਂ ਅੱਗੇ ਸਿਰ ਝੁਕਾਉਂਦੇ।

ਹਰ ਪਿੰਡ ਵਿੱਚ ਭਗਤੀ ਭਾਵ ਨਾਲ ਭੀੜ ਇਕੱਠੀ ਹੋ ਜਾਂਦੀ। ਗਧੇ ਨੂੰ ਲੱਗਣ ਲੱਗਾ ਕਿ ਪਿੰਡ ਵਾਲੇ ਉਸਨੂੰ ਪ੍ਰਣਾਮ ਕਰ ਰਹੇ ਹਨ। ਉਹ ਗਰੂਰ ਤੇ ਮਾਣ ਨਾਲ ਭਰ ਗਿਆ।

ਜਦੋਂ ਮੂਰਤੀਆਂ ਪੂਜਾ ਸਥਾਨ ਤੇ ਛੱਡ ਦਿੱਤੀਆਂ ਗਈਆਂ, ਤਾਂ ਮਾਲਕ ਨੇ ਗਧੇ ਉੱਤੇ ਸਬਜ਼ੀਆਂ ਲਾਦ ਦਿੱਤੀਆਂ ਅਤੇ ਵਾਪਸੀ ਲਈ ਚੱਲ ਪਿਆ। ਇਸ ਵਾਰੀ ਕਿਸੇ ਨੇ ਉਸ ਵੱਲ ਧਿਆਨ ਹੀ ਨਹੀਂ ਦਿੱਤਾ। ਉਹ ਅਣਜਾਣ ਜਾਨਵਰ ਇੰਨਾ ਨਿਰਾਸ਼ ਹੋ ਗਿਆ ਕਿ ਪਿੰਡ ਵਾਲਿਆਂ ਦਾ ਧਿਆਨ ਖਿੱਚਣ ਲਈ ਵਾਰ-ਵਾਰ ਰੇਂਕਣ ਲੱਗ ਪਿਆ। ਸ਼ੋਰ ਨਾਲ ਲੋਕ ਚਿੜ੍ਹ ਗਏ ਅਤੇ ਉਸ ਬੇਚਾਰੇ ਜਾਨਵਰ ਨੂੰ ਮਾਰਨ ਲੱਗ ਪਏ। ਉਸਨੂੰ ਇਹ ਅੰਦਾਜ਼ਾ ਵੀ ਨਹੀਂ ਸੀ ਕਿ ਉਸ ਨੇ ਕੀ ਕੀਤਾ ਜੋ ਉਸ ਨਾਲ ਇੰਨਾ ਕਠੋਰ ਵਤੀਰਾ ਹੋ ਰਿਹਾ ਸੀ।

ਅਚਾਨਕ ਮੈਨੂੰ ਬੋਧ ਹੋਇਆ ਕਿ ਮੈਂ ਵੀ ਉਸ ਗਧੇ ਵਰਗਾ ਹੀ ਸੀ। ਸਨਮਾਨ ਤੇ ਆਦਰ ਦੇ ਉਹ ਸਾਰੇ ਤੋਹਫ਼ੇ ਮੇਰੇ ਲਈ ਨਹੀਂ ਸਨ, ਸਗੋਂ ਮੇਰੇ ਉੱਤੇ ਲਦੀਆਂ "ਮੂਰਤੀਆਂ" ਲਈ ਸਨ — ਮੇਰੇ ਅਹੁਦੇ ਲਈ।

ਜਦ ਮੈਨੂੰ ਇਹ ਸੱਚਾਈ ਸਮਝ ਆਈ ਤਾਂ ਮੈਂ ਮਹਿਮਾਨਾਂ ਦੀ ਉਡੀਕ ਕਰਨ ਦੀ ਥਾਂ ਆਪਣੀ ਪਤਨੀ ਨਾਲ ਦਿਵਾਲੀ ਮਨਾਉਣ ਦੀ ਸੋਚੀ। ਪਰ ਉਹ ਵੀ ਮੈਨੂੰ ਨਾਲ ਲੈਣ ਦੇ ਮੂਡ ਵਿੱਚ ਨਹੀਂ ਸੀ।

ਉਸ ਨੇ ਤੀਖਾ ਜਵਾਬ ਦਿੱਤਾ: "ਜਦ ਮੈਂ ਇੰਨੇ ਸਾਲਾਂ ਤੋਂ ਕਹਿੰਦੀ ਆ ਰਹੀ ਸੀ ਕਿ ਤੂੰ ਗਧੇ ਤੋਂ ਘੱਟ ਨਹੀਂ, ਤਦ ਤੂੰ ਕਦੇ ਨਹੀਂ ਮੰਨਿਆ। ਪਰ ਅੱਜ ਅਖ਼ਬਾਰ ਵਿੱਚ ਛਪੇ ਇਕ ਲੇਖ ਨੇ ਇਹ ਗੱਲ ਸੱਚ ਕਰ ਦਿੱਤੀ, ਤਾਂ ਤੂੰ ਤੁਰੰਤ ਮੰਨ ਲਿਆ।"

ਇਸ ਲਈ ਅਹੁਦੇ ਤੇ ਸਮੇਂ ਰਹਿੰਦੇ, ਆਪਣੇ ਦਰਜੇ ਦੇ ਨਾਲ–ਨਾਲ ਸਮਾਜ ਨਾਲ ਮਿਲਣਾ–ਜੁਲਣਾ, ਗੱਲਬਾਤ ਕਰਨੀ ਤੇ ਸਹਿਯੋਗ ਕਰਨਾ ਸਿੱਖ ਲਓ, ਨਹੀਂ ਤਾਂ ਗਧੇ ਵਰਗੇ ਹਾਲ ਹੋਣਗੇ।

### ਸਾਰ:

ਜੋ ਵਿਅਕਤੀ ਆਪਣੀ ਨੌਕਰੀ ਦੇ ਦੌਰਾਨ, ਆਪਣੇ ਅਹੁਦੇ ਦੇ ਘਮੰਡ ਵਿਚ ਜ਼ਰੂਰਤ ਤੋਂ ਵੱਧ ਉੱਡਦਾ ਹੈ ਅਤੇ ਮੌਕੇ–ਬੇਮੌਕੇ ਲੋਕਾਂ ਨੂੰ ਧੌਂਸ ਦਿੰਦਾ ਜਾਂ ਤੰਗ ਕਰਦਾ ਹੈ, ਉਸ ਦਾ ਰਿਟਾਇਰਮੈਂਟ ਤੋਂ ਬਾਅਦ ਇਹੀ ਹਾਲ ਹੁੰਦਾ ਹੈ — ਉਹ ਪਛਤਾਵੇ ਅਤੇ ਆਤਮਗਲਾਨੀ ਵਿਚ ਜੀਉਂਦਾ ਹੈ।

ਫਿਰ ਜਦੋਂ ਕਦੇ ਉਸ ਦੀ ਮੁਲਾਕਾਤ ਉਹਨਾਂ ਲੋਕਾਂ ਨਾਲ ਹੁੰਦੀ ਹੈ ਜੋ ਉਸ ਦੇ ਵਿਹਾਰ ਦੇ ਭੁਗਤਭੋਗੀ ਰਹੇ ਹੁੰਦੇ ਹਨ, ਉਹ ਵੀ ਮੌਕਾ ਨਹੀਂ ਛੱਡਦੇ, ਉਸ ਨਾਲ ਹਿਕਾਰਤ ਨਾਲ ਪੇਸ਼ ਆਉਂਦੇ ਹਨ, ਖ਼ੂਬ ਸੁਣਾਉਂਦੇ ਹਨ।

ਇਨਸਾਨ ਦਾ ਸਾਫ਼–ਸੁਥਰਾ ਤੇ ਨਿਮਰ ਸੁਭਾਉ ਹੀ ਜ਼ਿੰਦਗੀ ਨੂੰ ਆਤਮ ਸੰਤੁਸ਼ਟ, ਆਸਾਨ ਅਤੇ ਸਫ਼ਲ ਬਣਾਉਂਦਾ ਹੈ!

ਇਹੀ ਜੀਵਨ ਦਾ ਅਸਲੀ ਮੂਲ ਮੰਤਰ ਹੈ।

## ਵਿਧਾਇਕ ਲਾਲਪੁਰਾ ਨੂੰ ਹਾਈ ਕੋਰਟ ਤੋਂ ਰਾਹਤ ਨਹੀਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com

ਤਰਨ ਤਾਰਨ ਪੁਲੀਸ ਨੇ 3 ਮਾਰਚ 2013 'ਚ ਮਨਜਿੰਦਰ ਸਿੰਘ ਲਾਲਪੁਰਾ, ਅੱਠ ਪੁਲੀਸ ਮੁਲਾਜ਼ਮਾਂ ਅਤੇ ਤਿੰਨ ਹੋਰਨਾਂ ਖ਼ਿਲਾਫ਼ ਇਕ ਔਰਤ ਦੀ ਕੁੱਟਮਾਰ ਕਰਨ, ਛੇੜਛਾੜ ਅਤੇ ਹਮਲਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ। ਤਰਨ ਤਾਰਨ ਦੀ ਅਦਾਲਤ ਨੇ 10 ਸਤੰਬਰ 2025 'ਚ ਲਾਲਪੁਰਾ ਅਤੇ ਹੋਰਨਾਂ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਸੀ ਜਿਸ ਖ਼ਿਲਾਫ਼ ਦੋਸ਼ੀਆਂ ਨੇ ਹਾਈ ਕੋਰਟ 'ਚ ਅਪੀਲ ਦਾਇਰ ਕੀਤੀ ਸੀ।

ਹਾਈ ਕੋਰਟ 'ਚੋਂ ਕੋਈ ਰਾਹਤ ਨਾ ਮਿਲਣ ਕਾਰਨ ਹੁਣ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੀ



ਵਿਧਾਨਸਭਾ ਦੀ ਮੈਂਬਰੀ ਖੁੱਸ ਸਕਦੀ ਹੈ।

# ਸ੍ਰੀ ਕਾਲੀ ਮਾਤਾ ਮੰਦਿਰ ਪਟਿਆਲਾ ਵਿੱਚ ਬੇਅਦਬੀ ਕੀਤੇ ਜਾਣ ਦਾ ਮਾਮਲਾ ਹੋਇਆ ਗਰਮ

## ਕੇਜਰੀਵਾਲ ਦੇ ਨਜਦੀਕੀ ਆਪ ਆਗੂਆਂ ਨੂੰ ਮੱਥਾ ਟਿਕਾਉਣ ਲਈ ਸ੍ਰੀ ਕਾਲੀ ਮਾਤਾ ਮੰਦਿਰ ਦਾ ਦਰਵਾਜਾ ਬੰਦ ਹੋਣ ਤੋਂ ਬਾਅਦ ਦੁਬਾਰਾ ਖੋਲ ਕੇ ਬੇਅਦਬੀ ਕੀਤੇ ਜਾਣ ਤੇ ਸ਼ਿਵ ਸੈਨਾ ਸ਼ੇਰ—ਏ—ਹਿੰਦ ਨੇ ਕੀਤੀ ਡਿਪਟੀ ਕਮਿਸ਼ਨਰ ਤੋਂ ਸਖਤ ਕਾਰਵਾਈ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com

ਪਟਿਆਲਾ : ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਨਜਦੀਕੀ ਕਮਲ ਬਾਂਸਲ ਅਤੇ ਹੋਰ ਆਪ ਆਗੂਆਂ ਨੂੰ ਮੱਥਾ ਟਿਕਵਾਉਣ ਲਈ ਰਾਤ ਸਮੇਂ ਸ੍ਰੀ ਕਾਲੀ ਮਾਤਾ ਮੰਦਿਰ ਦਾ ਦਰਵਾਜਾ ਬੰਦ ਹੋਣ ਤੋਂ ਬਾਅਦ ਦੁਬਾਰਾ ਦਰਵਾਜਾ ਖੋਲ ਕੇ ਮੰਦਿਰ ਦੀ ਮਰਿਆਦਾ ਭੰਗ ਅਤੇ ਬੇਅਦਬੀ ਆਦਿ ਘਟਨਾਵਾਂ ਨੂੰ ਲੈ ਕੇ ਸ਼ਿਵ ਸੈਨਾ ਸ਼ੇਰ—ਏ—ਹਿੰਦ ਦੇ ਰਾਸ਼ਟਰੀ ਕਾਨੂੰਨੀ ਸਲਾਹਕਾਰ ਐਡਵੋਕੇਟ ਵਿਨੋਦ ਕੁਮਾਰ ਨੰਡਾ ਅਤੇ ਰਾਸ਼ਟਰੀ ਜਿਲ੍ਹਾ ਪ੍ਰਧਾਨ ਵੱਲੋਂ ਪ੍ਰੈਸ ਮਿਲਣੀ ਕੀਤੀ ਗਈ। ਇਸ ਉਪਰੰਤ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੂੰ ਚਾਰ ਵੱਖ—ਵੱਖ ਮੰਗ ਪੱਤਰ ਸੌਂਪ ਕੇ ਮੰਦਿਰ ਦੀ ਬੇਅਦਬੀ ਕਰਨ ਵਾਲਿਆਂ ਅਤੇ ਇੱਥੇ ਵਾਪਰ ਰਹੀਆਂ ਘਟਨਾਵਾਂ ਨੂੰ ਲੈ ਕੇ ਸਖਤ ਕਾਰਵਾਈ ਦੀ ਮੰਗ ਕੀਤੀ



ਗਈ। ਇਸ ਮੌਕੇ ਐਡਵੋਕੇਟ ਵਿਨੋਦ ਕੁਮਾਰ ਨੰਡਾ, ਪ੍ਰਧਾਨ ਗੁਰਜੋਤ ਗੋਲਡੀ ਨੇ ਕਿਹਾ ਕਿ ਮਿਤੀ 26—10—2025 ਨੂੰ ਸ੍ਰੀ ਕਾਲੀ ਮਾਤਾ ਮੰਦਿਰ ਵਿੱਚ 2 ਵਾਰੀ ਬੇਅਦਬੀ ਹੋਈ। ਪਹਿਲੀ ਬੇਅਦਬੀ ਦੁਪਹਿਰ ਸਮੇਂ ਹੋਈ ਜਦੋਂ ਇੱਕ ਲੜਕੀ ਸ੍ਰੀ ਕਾਲੀ ਮਾਤਾ ਜੀ ਦੇ ਸਿੰਘਾਸਨ ਨਾਲ ਲੱਗੇ ਗੋਲਕ ਉਪਰ ਚੜ੍ਹ ਗਈ, ਸਿੰਘਾਸਨ ਉੱਪਰ ਡਿਊਟੀ ਕਰ ਰਹੇ ਪੁਜਾਰੀ ਨੇ ਲੜਕੀ ਨੂੰ ਪਕੜ ਕੇ ਸਿੰਘਾਸਨ ਉਪਰ ਚੜਨ ਤੋਂ ਰੋਕਿਆ, ਦੂਜੀ ਬੇਅਦਬੀ ਦੀ ਘਟਨਾ ਮੰਦਿਰ ਬੰਦ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਿੱਲੀ ਤੋਂ ਆਏ ਖਾਸਮ—ਖਾਸ ਕਮਲ ਬਾਂਸਲ ਅਤੇ ਹੋਰ ਵਿਅਕਤੀਆਂ ਵੱਲੋਂ ਕੀਤੀ ਗਈ। ਇਹ ਲੋਕ ਰਾਤੀ 10 ਵਜੇ ਮੰਦਿਰ ਵਿੱਚੋਂ ਬਾਹਰ ਨਿਕਲੇ। ਉਹਨਾਂ ਕਿਹਾ ਕਿ ਸਵਰਗਵਾਸੀ ਮਹਾਰਾਜਾ ਭੂਪਿੰਦਰ ਸਿੰਘ ਨੇ ਜਦੋਂ ਸ੍ਰੀ ਕਾਲੀ ਮਾਤਾ ਮੰਦਿਰ ਦੀ ਸਥਾਪਨਾ ਕੀਤੀ ਉਦੋ ਤੋਂ ਲੈ ਕੇ ਅੱਜ ਤੱਕ ਅਜਿਹਾ ਕਦੇ ਵੀ ਨਹੀਂ ਹੋਇਆ। ਇਹ ਬੇਅਦਬੀ ਇੱਕ ਇਤਿਹਾਸਿਕ ਬੇਅਦਬੀ ਹੈ। ਮੰਦਿਰ ਦੀ ਪ੍ਰਾਈਵੇਟ ਵਿਰਾਸਤ ਸਕਿਉਰਿਟੀ ਬੇਅਦਬੀ ਰੋਕਣ ਵਿੱਚ ਪੂਰੀ ਤਰ੍ਹਾਂ ਅਸਫਲ ਹੋਈ। ਵਾਰ—ਵਾਰ ਮੰਦਿਰ ਵਿੱਚ ਬੇਅਦਬੀ ਦੀਆਂ ਘਟਨਾਵਾਂ ਹੋ ਰਹੀਆਂ ਹਨ। ਵਿਰਾਸਤ ਸਕਿਉਰਿਟੀ ਮੰਦਿਰ ਵਿਚੋਂ ਸ਼ਰਾਬ, ਬੱਕਰੇ ਆਦਿ ਸਮਾਨ ਇੱਧਰ—ਉੱਧਰ ਕਰ ਰਹੀ ਹੈ। ਵਿਰਾਸਤ ਸਕਿਉਰਿਟੀ ਸਾਲ ਦਾ ਕਰੋੜਾਂ ਰੁਪਏ ਲੈ ਰਹੀ ਹੈ। ਕਾਫੀ ਸ਼ਿਕਾਇਤਾਂ ਦੇ ਬਾਵਜੂਦ ਦੁਬਾਰਾ—ਦੁਬਾਰਾ ਇਨ੍ਹਾਂ ਨੂੰ ਮੰਦਿਰ ਦਾ ਠੇਕਾ ਦੇ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਰਾਜਨੀਤਿਕ ਸ਼ਰਨ ਪ੍ਰਾਪਤ ਹੈ। ਸਾਡੀ ਮੰਗ ਹੈ ਕਿ ਇਨ੍ਹਾਂ ਦੀ ਜਮ੍ਹਾਂ ਰਾਸ਼ੀ ਜਬਤ ਕਰਕੇ ਵਿਰਾਸਤ ਸਕਿਉਰਿਟੀ ਦਾ ਠੇਕਾ ਖਤਮ ਕੀਤਾ ਜਾਵੇ ਅਤੇ ਮੰਦਿਰ ਦੀ ਬੇਅਦਬੀ ਕਰਨ ਵਾਲੇ ਲੋਕਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਜੇਕਰ ਕਾਰਵਾਈ ਨਾ ਕੀਤੀ ਗਈ ਤਾਂ ਸਾਨੂੰ ਮਜਬੂਰੀ ਵਿੱਚ ਮਿਤੀ 30—10—2025 ਨੂੰ ਪਟਿਆਲਾ ਸ੍ਰੀ ਕਾਲੀ ਮਾਤਾ ਮੰਦਿਰ ਆ ਰਹੇ ਆਮ—ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਾਲੀਆਂ ਝੰਡੀਆਂ ਦਿਖਾਏਗਾ ਅਤੇ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਐਡਵੋਕੇਟ ਅਨਿਲ ਸਹਿਗਲ, ਐਡਵੋਕੇਟ ਚਰਨ ਸਿੰਘ ਕਪੂਰ, ਐਡਵੋਕੇਟ ਪਹੂਜਾ ਆਦਿ ਮੌਜੂਦ ਰਹੇ।

# ਰਾਜ ਵਿੱਚ "ਦਲਿਤ ਮੁੱਖ ਮੰਤਰੀ" ਦੀ ਮੰਗ ਹੋਈ ਤੇਜ਼, ਐਸਸੀ/ਐਸਟੀ ਮੰਤਰੀ ਅਗਲੇ ਮਹੀਨੇ ਕਰਨਗੇ ਵੱਡਾ "ਸ਼ਕਤੀ ਪ੍ਰਦਰਸ਼ਨ"

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com

ਬੰਗਲੁਰੂ: ਕਰਨਾਟਕ ਦੀ ਰਾਜਨੀਤੀ ਵਿੱਚ ਇੱਕ ਵੱਡਾ ਘਟਨਾਕ੍ਰਮ ਹੋ ਰਿਹਾ ਹੈ। ਗ੍ਰਹਿ ਮੰਤਰੀ ਜੀ. ਪਰਮੇਸ਼ਵਰ ਦੀ ਅਗਵਾਈ ਵਿੱਚ ਅਨੁਸੂਚਿਤ ਜਾਤੀ (ਐਸਸੀ) ਅਤੇ ਅਨੁਸੂਚਿਤ ਜਨਜਾਤੀ (ਐਸਟੀ) ਭਾਈਚਾਰਿਆਂ ਦੇ ਮੰਤਰੀਆਂ ਨੇ ਅਗਲੇ ਮਹੀਨੇ ਇੱਕ ਵੱਡਾ ਭਾਈਚਾਰਕ ਸੰਮੇਲਨ ਕਰਨ ਦੀਆਂ ਯੋਜਨਾਵਾਂ ਨੂੰ ਮੁੜ ਸੁਰਜੀਤ ਕੀਤਾ ਹੈ। "ਦਲਿਤ ਏਕਤਾ ਸਮਾਵੇਸ਼" ਨਾਮਕ ਇਹ ਸੰਮੇਲਨ ਚਿੱਤਰਦੁਰਗਾ ਜਾਂ ਦਾਵਾਂਗੇਰੇ ਵਿੱਚ ਹੋਣ ਦੀ ਉਮੀਦ ਹੈ।

ਪ੍ਰਸਤਾਵਿਤ ਰੈਲੀ, ਜਿਸਨੂੰ ਸੰਭਾਵੀ "ਤਾਕਤ ਪ੍ਰਦਰਸ਼ਨ" ਵਜੋਂ ਦੇਖਿਆ ਜਾ ਰਿਹਾ ਹੈ, ਨੇ ਰਾਜਨੀਤਿਕ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਹ ਕਦਮ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਮੁੱਖ ਮੰਤਰੀ ਸਿੱਧਰਮਈਆ ਦੁਆਰਾ ਆਪਣੇ ਉਪ ਮੁੱਖ ਮੰਤਰੀ, ਡੀ.ਕੇ. ਸ਼ਿਵਕੁਮਾਰ ਨੂੰ ਸੱਤਾ ਸੌਂਪਣ ਦੀ ਸੰਭਾਵਨਾ 'ਤੇ ਬਹਿਸ ਤੇਜ਼ ਹੋ ਗਈ ਹੈ। ਰਾਜ ਵਿੱਚ "ਦਲਿਤ ਮੁੱਖ ਮੰਤਰੀ" ਦੀ ਮੰਗ ਵੀ ਤੇਜ਼ ਹੋ ਰਹੀ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਅਜਿਹੀ ਰੈਲੀ ਦੀ ਯੋਜਨਾ ਬਣਾਈ ਗਈ ਹੈ। ਪਾਰਟੀ ਹਾਈ ਕਮਾਂਡ ਤੋਂ ਪ੍ਰਵਾਨਗੀ ਪ੍ਰਾਪਤ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਅਜਿਹੇ ਇਕੱਠ ਨੂੰ ਆਯੋਜਿਤ ਕਰਨ ਦੀਆਂ ਪਿਛਲੀਆਂ ਕੋਸ਼ਿਸ਼ਾਂ ਨੂੰ ਟਾਲਣਾ ਪਿਆ ਸੀ। ਉਸ ਸਮੇਂ, ਇਹ ਮੰਨਿਆ ਜਾਂਦਾ ਸੀ ਕਿ ਸ਼ਿਵਕੁਮਾਰ ਦੇ ਸਮਰਥਕਾਂ ਨੇ ਇਸ ਸਮਾਗਮ ਦਾ ਵਿਰੋਧ ਕੀਤਾ ਸੀ, ਕਿਉਂਕਿ ਇਹ ਸਿੱਧਰਮਈਆ ਕੈਂਪ ਵੱਲੋਂ ਦੋਵਾਂ ਸੀਨੀਅਰ ਨੇਤਾਵਾਂ ਵਿਚਕਾਰ ਗੈਰ-ਰਸਮੀ ਸੱਤਾ-ਵੰਡ ਪ੍ਰਬੰਧ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਸੀ।

ਹਾਲਾਂਕਿ, ਇਸ ਵਾਰ ਦਲਿਤ ਮੰਤਰੀ ਨਵੇਂ ਦ੍ਰਿੜ ਇਰਾਦੇ ਨਾਲ ਅੱਗੇ ਵਧ ਰਹੇ ਹਨ। ਕੈਬਨਿਟ ਸਹਿਯੋਗੀ ਐਚ.ਸੀ. ਮਹਾਦੇਵੱਪਾ ਨਾਲ ਬੰਗਲੁਰੂ ਵਿੱਚ ਇੱਕ ਮੀਟਿੰਗ ਤੋਂ ਬਾਅਦ, ਪਰਮੇਸ਼ਵਰ ਨੇ ਕਿਹਾ, "ਦਲਿਤ ਵੋਟਰਾਂ ਨੇ ਚੋਣਾਂ ਵਿੱਚ ਕਾਂਗਰਸ ਦਾ ਪੂਰੇ ਦਿਲ ਨਾਲ ਸਮਰਥਨ ਕੀਤਾ, ਅਤੇ ਇਹ ਸਾਡਾ ਫਰਜ਼ ਹੈ ਕਿ ਅਸੀਂ ਆਪਣਾ ਧੰਨਵਾਦ ਪ੍ਰਗਟ ਕਰੀਏ।"

ਉਨ੍ਹਾਂ ਅੱਗੇ ਕਿਹਾ, "ਸਾਨੂੰ ਉਨ੍ਹਾਂ ਨੂੰ ਸਾਡੀ ਸਰਕਾਰ ਦੁਆਰਾ ਉਨ੍ਹਾਂ ਲਈ ਲਾਗੂ ਕੀਤੀਆਂ ਗਈਆਂ ਯੋਜਨਾਵਾਂ ਦੀ ਲੜੀ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਦੱਸਣਾ ਚਾਹੀਦਾ ਹੈ।"

ਪਰਮੇਸ਼ਵਰ, ਮਹਾਦੇਵੱਪਾ, ਕੇ.ਐਚ. ਮੁਨੀਅੱਪਾ, ਆਰ.ਬੀ. ਤਿੰਮਾਪੁਰ, ਅਤੇ ਸਤੀਸ਼ ਜਰਕੀਹੋਲੀ (ਐਸਟੀ ਭਾਈਚਾਰੇ ਤੋਂ) ਸਰਕਾਰ ਦੇ ਅੰਦਰ ਇੱਕ ਅੰਦਰੂਨੀ ਦਬਾਅ ਸਮੂਹ ਬਣਾਉਣ ਲਈ ਮੁੜ ਇਕੱਠੇ ਹੋ ਗਏ ਹਨ। ਸਾਬਕਾ ਮੰਤਰੀ ਕੇ.ਐਨ. ਰਾਜੰਨਾ ਅਤੇ ਬੀ. ਨਾਗੇਂਦਰ (ਦੋਵੇਂ ਵਾਲਮੀਕੀ ਭਾਈਚਾਰੇ ਤੋਂ) ਵੀ ਕੈਬਨਿਟ ਤੋਂ ਬਾਹਰ ਕੀਤੇ ਜਾਣ ਤੋਂ ਪਹਿਲਾਂ ਇਸ ਟੀਮ ਦਾ ਹਿੱਸਾ ਸਨ। ਇਸ ਸਮੂਹ ਨੇ ਪਹਿਲਾਂ 2023 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਭਾਰੀ ਜਿੱਤ ਵਿੱਚ ਆਪਣੀ ਭੂਮਿਕਾ ਨੂੰ ਉਜਾਗਰ ਕਰਕੇ ਧਿਆਨ ਖਿੱਚਿਆ ਸੀ। ਮਹੱਤਵਪੂਰਨ ਗੱਲ ਇਹ ਹੈ ਕਿ ਕਾਂਗਰਸ ਨੇ 36 ਐਸਸੀ-ਰਾਖਵੀਆਂ ਸੀਟਾਂ ਵਿੱਚੋਂ 31 ਅਤੇ ਐਸਟੀ-ਰਾਖਵੀਆਂ 15 ਵਿੱਚੋਂ 14 ਸੀਟਾਂ ਜਿੱਤੀਆਂ ਸਨ।

ਇੱਕ ਦਲਿਤ ਮੁੱਖ ਮੰਤਰੀ ਬਾਰੇ ਚਰਚਾ ਨੇ ਅਟਕਲਾਂ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਹ ਬਹਿਸ ਉਦੋਂ ਮੁੜ ਸ਼ੁਰੂ ਹੋਈ ਜਦੋਂ ਸਿੱਧਰਮਈਆ ਦੇ ਪੁੱਤਰ ਅਤੇ ਐਮਐਲਸੀ ਯਤਿੰਦਰ ਸਿੱਧਰਮਈਆ ਨੇ ਜਰਕੀਹੋਲੀ ਨੂੰ ਆਪਣੇ ਪਿਤਾ ਦਾ "ਰਾਜਨੀਤਿਕ ਉੱਤਰਾਧਿਕਾਰੀ" ਦੱਸਿਆ। ਹਾਲ ਹੀ ਵਿੱਚ, ਕੋਲਾਰ ਵਿੱਚ ਪਾਰਟੀ ਵਰਕਰਾਂ ਨੇ ਸਿਖਰਲੇ ਅਹੁਦੇ ਲਈ ਮੁਨੀਅੱਪਾ ਦੇ ਸਮਰਥਨ ਵਿੱਚ ਨਾਅਰੇਬਾਜ਼ੀ ਕੀਤੀ। ਪਰਮੇਸ਼ਵਰ ਨੇ ਵੀ ਮੁਨੀਅੱਪਾ ਦੇ ਲੰਬੇ ਰਾਜਨੀਤਿਕ ਕਰੀਅਰ ਦਾ ਹਵਾਲਾ ਦਿੰਦੇ ਹੋਏ ਖੁੱਲ੍ਹ ਕੇ ਸਮਰਥਨ ਕੀਤਾ।

ਹਾਲਾਂਕਿ, ਮੁਨੀਅੱਪਾ ਨੇ ਇੱਕ ਮਾਪਿਆ ਹੋਇਆ ਜਵਾਬ ਜਾਰੀ ਕੀਤਾ। ਉਸਨੇ ਕਿਹਾ, "ਪਰਮੇਸ਼ਵਰ ਸਾਡੇ ਸਭ ਤੋਂ ਸਤਿਕਾਰਤ ਮੈਂਬਰਾਂ ਵਿੱਚੋਂ ਇੱਕ ਹੈ। ਉਸਨੂੰ ਅੱਠ ਸਾਲ ਕੇਪੀਸੀਸੀ ਪ੍ਰਧਾਨ ਵਜੋਂ ਸੇਵਾ ਕਰਨ ਦਾ ਮਾਣ ਪ੍ਰਾਪਤ ਹੈ, ਜੋ ਕਿ ਸਭ ਤੋਂ ਲੰਬਾ ਕਾਰਜਕਾਲ ਹੈ, ਅਤੇ ਉਸਨੇ ਡਿਪਟੀ ਸੀਐਮ ਵਜੋਂ ਵੀ ਸੇਵਾ ਨਿਭਾਈ ਹੈ। ਜਦੋਂ ਅਸੀਂ ਇੱਕ ਦਲਿਤ ਮੁੱਖ ਮੰਤਰੀ ਬਾਰੇ ਗੱਲ ਕਰਦੇ ਹਾਂ, ਤਾਂ ਪਰਮੇਸ਼ਵਰ ਨੂੰ ਕੁਦਰਤੀ ਤੌਰ 'ਤੇ ਯੋਗਤਾ ਦੇ ਅਧਾਰ 'ਤੇ ਮੰਨਿਆ ਜਾਵੇਗਾ।"

ਹਾਲਾਂਕਿ, ਉਨ੍ਹਾਂ ਅੱਗੇ



ਕਿਹਾ, "ਪਰ ਹੁਣ ਮੁੱਖ ਮੰਤਰੀ ਬਦਲਣ 'ਤੇ ਚਰਚਾ ਕਰਨ ਦਾ ਸਮਾਂ ਨਹੀਂ ਹੈ। ਸਿੱਧਰਮਈਆ ਆਪਣਾ ਪੂਰਾ ਪੰਜ ਸਾਲ ਦਾ ਕਾਰਜਕਾਲ ਜਾਰੀ ਰੱਖਣਗੇ।" ਪ੍ਰਸਤਾਵਿਤ ਰੈਲੀ ਬਾਰੇ ਮੁਨੀਅੱਪਾ ਨੇ ਕਿਹਾ, "ਅਸੀਂ ਹਾਈ ਕਮਾਂਡ ਦੀ ਪ੍ਰਵਾਨਗੀ ਦੀ ਉਡੀਕ ਕਰ ਰਹੇ ਹਾਂ।" ਪਰਮੇਸ਼ਵਰ ਨੇ ਕਿਹਾ ਕਿ ਦਲਿਤ ਮੁੱਖ ਮੰਤਰੀ ਦੀ ਮੰਗ ਕਰਨ ਜਾਂ ਦਲਿਤ ਸੰਮੇਲਨ ਕਰਨ ਵਿੱਚ ਕੁਝ ਵੀ ਗਲਤ ਨਹੀਂ ਹੈ।

ਉਨ੍ਹਾਂ ਕਿਹਾ, "ਸਾਨੂੰ ਉਨ੍ਹਾਂ (ਭਾਈਚਾਰੇ) ਦੀਆਂ ਮੰਗਾਂ ਨੂੰ ਸੁਣਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਭਵਿੱਖ ਦਾ ਭਰੋਸਾ ਦੇਣਾ ਚਾਹੀਦਾ ਹੈ।"

ਦੂਜੇ ਪਾਸੇ, ਜਰਕੀਹੋਲੀ ਨੇ ਸਾਵਧਾਨੀ ਨਾਲ ਰੁਖ਼ ਅਪਣਾਉਂਦੇ ਹੋਏ ਕਿਹਾ, "ਸਾਨੂੰ ਆਪਣੀ ਵਾਰੀ ਦਾ ਧੀਰਜ ਨਾਲ ਇੰਤਜ਼ਾਰ ਕਰਨਾ ਚਾਹੀਦਾ ਹੈ। ਅਸੀਂ ਜੋ ਵੀ ਕਰਨ ਦੀ ਯੋਜਨਾ ਬਣਾ ਰਹੇ ਹਾਂ ਉਹ ਪਾਰਟੀ ਦੇ ਹਿੱਤ ਵਿੱਚ ਹੈ।"

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਕਾਂਗਰਸ ਹਾਈ ਕਮਾਂਡ ਦੇ ਜਵਾਬ 'ਤੇ ਨੇੜਿਓਂ ਨਜ਼ਰ ਰੱਖੀ ਜਾਵੇਗੀ, ਖਾਸ ਕਰਕੇ ਕਿਉਂਕਿ ਏਆਈਸੀਸੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਉਨ੍ਹਾਂ ਦੇ ਮੰਤਰੀ ਪੁੱਤਰ ਪ੍ਰਿਯਾਂਕ ਖੜਗੇ ਦੋਵੇਂ ਦਲਿਤ ਭਾਈਚਾਰੇ ਨਾਲ ਸਬੰਧਤ ਹਨ।

ਸਫ਼ਾ 1 ਦੀ ਬਾਕੀ ਖ਼ਬਰ

## ਗਦਰ ਲਹਿਰ ਵਿੱਚ ਗੁਲਾਬ ਕੌਰ ਨੇ ਕੀ ਯੋਗਦਾਨ ਪਾਇਆ?

ਗੁਲਾਬ ਕੌਰ ਦੀ ਰਾਜਨੀਤਿਕ ਸੋਝੀ ਦਾ ਮੁੱਖ ਕਾਰਨ ਉਸ ਸਮੇਂ ਗ਼ਦਰ ਪਾਰਟੀ ਵੱਲੋਂ ਕੱਢਿਆ ਜਾਣ ਵਾਲਾ ਗਦਰ ਅਖ਼ਬਾਰ ਸੀ। ਉਹ ਕਹਿੰਦੇ ਹਨ ਕਿ ਉਸ ਸਮੇਂ ਇਹ ਅਖ਼ਬਾਰ ਮਨੀਲਾ ਦੇ ਗੁਰਦੁਆਰੇ ਵਿੱਚ ਆਉਂਦਾ ਸੀ ਅਤੇ ਲੋਕਾਂ ਨੂੰ ਅਖ਼ਬਾਰ ਪੜ੍ਹ ਕੇ ਸੁਣਾਇਆ ਜਾਂਦਾ ਸੀ।

ਬੀਬੀ ਗੁਲਾਬ ਕੌਰ ਨੇ ਬਚਪਨ ਤੋਂ ਹੀ ਗੁਰਮੁਖੀ ਪੜ੍ਹਨੀ ਸਿੱਖ ਲਈ ਸੀ ਅਤੇ ਉਨ੍ਹਾਂ ਨੂੰ ਉਰਦੂ ਵੀ ਪੜ੍ਹਨੀ ਆਉਂਦੀ ਸੀ ਇਸ ਲਈ ਉਹ ਖੁਦ ਗਦਰ ਅਖ਼ਬਾਰ ਪੜ੍ਹਦੇ ਸਨ।

"ਗਦਰ ਅਖ਼ਬਾਰ ਦਾ ਪਹਿਲਾ ਅੰਕ ਨਵੰਬਰ 1913 ਵਿੱਚ ਉਰਦੂ ਵਿੱਚ ਪ੍ਰਕਾਸ਼ਿਤ ਹੋਇਆ ਸੀ, ਜੋ ਸਾਈਕਲੋਸਟਾਈਲ ਮਸ਼ੀਨ 'ਤੇ ਛਪਿਆ ਗਿਆ ਸੀ। 9 ਦਸੰਬਰ 1913 ਤੋਂ ਇਹ ਪਰਚਾ ਪੰਜਾਬੀ ਵਿੱਚ ਛਪਣਾ ਸ਼ੁਰੂ ਹੋਇਆ। ਮਨੀਲਾ, ਜੋ ਫਿਲੀਪੀਨ ਦੀ ਰਾਜਧਾਨੀ ਹੈ, ਵਿੱਚ ਬਾਬਾ ਮਿਲਖਾ ਸਿੰਘ 1910 ਵਿੱਚ ਗਏ ਸਨ। ਉਹਨਾਂ ਦੇ ਬਿਆਨ ਅਨੁਸਾਰ, ਸਿੱਖਾਂ ਨੇ ਉੱਥੇ ਇੱਕ ਗੁਰਦੁਆਰਾ ਬਣਾਇਆ ਸੀ, ਜਿਸਦਾ ਨਾਮ ਖਾਲਸਾ ਦੀਵਾਨ ਇੰਡੀਅਨ ਸਿੱਖ ਟੈਂਪਲ ਸੀ।"

ਡਾ. ਰਘਵੀਰ ਕੌਰ ਕਹਿੰਦੇ ਹਨ ਕਿ ਦੇਸ਼ ਦੀ ਆਜ਼ਾਦੀ ਲਈ ਪਹਿਲਾਂ ਵੀ ਕਈ ਲਹਿਰਾਂ ਚੱਲੀਆਂ, ਪਰ ਬੀਬੀ ਗੁਲਾਬ ਕੌਰ ਪਹਿਲੀ ਪੰਜਾਬਣ ਸੀ ਜਿਸਨੇ ਆਪਣਾ ਘਰ-ਬਾਰ ਤਿਆਗ ਕੇ ਦੇਸ਼ ਦੀ ਆਜ਼ਾਦੀ ਲਈ ਅਜਿਹਾ ਯੋਗਦਾਨ ਪਾਇਆ ਜਿਸਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ।

"ਭਾਰਤ ਆ ਕੇ ਉਹ ਜ਼ਿਆਦਾਤਰ ਜ਼ਿਲ੍ਹਾ ਕਪੂਰਥਲਾ, ਜਲੰਧਰ ਅਤੇ ਹੁਸ਼ਿਆਰਪੁਰ ਦੇ ਪਿੰਡਾਂ ਵਿੱਚ ਲੋਕਾਂ ਨੂੰ ਆਜ਼ਾਦੀ ਲਈ ਜਾਗਰੂਕ ਕਰਦੇ ਰਹੇ। ਉਸਦਾ ਮੁੱਖ ਕੰਮ ਗਦਰ ਦਾ ਸਾਹਿਤ ਸੰਭਾਲਣਾ ਅਤੇ ਲੋਕਾਂ ਤੱਕ ਪਹੁੰਚਾਉਣਾ ਸੀ। ਉਹ ਭਾਸ਼ਣਾਂ ਦੇ ਜ਼ਰੀਏ ਵੀ ਲੋਕਾਂ ਨੂੰ ਗਦਰ ਲਹਿਰ ਨਾਲ ਜੋੜਦੇ ਰਹੇ।"

ਲੇਖਕਾ ਰਘਬੀਰ ਕੌਰ ਦੱਸਦੇ ਹਨ, "ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਹੋਰਨਾਂ ਨੂੰ ਵੀ ਵੰਗਾਰਿਆ। ਬਦਲਵੇਂ ਭੇਸ ਅਪਣਾ ਕੇ ਉਹ ਗਦਰੀਆਂ ਦੇ ਸੁਨੇਹੇ ਪਹੁੰਚਾਉਂਦੇ ਰਹੇ। ਕਦੇ ਉਹ ਚੂੜੀਆਂ ਵਾਲੀ ਦਾ ਭੇਸ ਧਾਰਨ ਕਰਦੇ,ਕਦੇ ਕਿਸੇ ਭੇਸ ਵਿੱਚ ਆਉਂਦੇ।"

"ਲਾਹੌਰ ਵਿੱਚ ਉਹ ਜਦੋਂ ਅੱਡੇ ਬਾਹਰ ਬੈਠਦੇ ਤਾਂ ਚਰਖ਼ਾ ਕੱਤਦੇ,ਜਦੋਂ ਕੋਈ ਕੋਡ ਦੱਸਦਾ ਤਾਂ ਹੀ ਗੁਲਾਬ ਕੌਰ ਉਨ੍ਹਾਂ ਨੂੰ ਗਦਰੀਆਂ ਦੇ ਅੱਡੇ ਬਾਰੇ ਦੱਸਦੇ ਨਹੀਂ ਤਾਂ ਜਾਣਕਾਰੀ ਨਾ ਦਿੰਦੇ।"

"ਲਾਹੌਰ ਵਿੱਚ ਜਦੋਂ ਗਦਰ ਸੰਦੇਸ਼ ਅਤੇ ਐਲਾਨ-ਏ-ਜੰਗ ਛਪਦਾ ਸੀ ਤਾਂ ਉਦੋਂ ਵੀ ਬੀਬੀ ਗੁਲਾਬ ਕੌਰ ਬਾਹਰ ਚਰਖ਼ਾ ਡਾਹ ਕੇ ਬੈਠੇ ਹੁੰਦੇ ਸਨ ਅਤੇ ਅੰਦਰ ਪ੍ਰੈਸ ਚੱਲਦੀ ਹੁੰਦੀ ਸੀ। ਇਸ ਤਰ੍ਹਾਂ ਉਨ੍ਹਾਂ ਨੇ ਗ਼ਦਰ ਸਾਹਿਤ ਦੀ ਵੀ ਰਾਖੀ ਕੀਤੀ।ਉਹ ਕਰਤਾਰ ਸਿੰਘ ਸਰਾਭਾ ਅਤੇ ਹੋਰ ਵੱਡੇ ਗ਼ਦਰੀਆਂ ਦੇ ਸੰਪਰਕ ਵਿੱਚ ਸਨ ਅਤੇ ਕੰਮ ਕਰਦੇ ਸਨ।"

ਡਾ. ਰਘਵੀਰ ਕੌਰ ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ ਬੀਬੀ ਗੁਲਾਬ ਕੌਰ ਨੂੰ ਲਾਹੌਰ ਵਿੱਚ ਦੇਸ਼ ਵਿਰੋਧੀ ਬਗਾਵਤ ਦੇ ਇਲਜ਼ਾਮਾਂ 'ਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੋ ਸਾਲ ਦੀ ਸਜ਼ਾ ਦਿੱਤੀ ਗਈ। ਇਸ ਦੌਰਾਨ ਜੇਲ੍ਹ ਵਿੱਚ ਭਾਰੀ ਤਸੀਹੇ ਦਿੱਤੇ ਗਏ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਬਾਕੀ ਜ਼ਿੰਦਗੀ ਪਿੰਡ ਕੋਟਲਾ ਨੌਧ ਸਿੰਘ ਵਿੱਚ ਬਤੀਤ ਕੀਤੀ, ਜਿੱਥੇ ਬਿਮਾਰੀ ਕਰਕੇ ਉਨ੍ਹਾਂ ਦੀ ਮੌਤ ਹੋ ਗਈ।

### ਹਰ ਸਾਲ ਗੁਲਾਬ ਕੌਰ ਦੀ ਯਾਦ ਵਿੱਚ ਹੁੰਦੇ ਸਮਾਗਮ

ਪਿੰਡ ਬਖ਼ਸ਼ੀਵਾਲਾ ਦੇ ਜਗਤਾਰ ਸਿੰਘ ਦੱਸਦੇ ਹਨ ਕਿ ਲੰਮੇ ਸਮੇਂ ਤੋਂ ਬੀਬੀ ਗੁਲਾਬ ਕੌਰ ਦੀ ਯਾਦ ਵਿੱਚ ਪਿੰਡ ਵਿੱਚ ਪ੍ਰੋਗਰਾਮ ਕਰਵਾਏ ਜਾਂਦੇ ਰਹੇ ਹਨ। ਉਨ੍ਹਾਂ ਨੂੰ 100ਵੀਂ ਬਰਸੀ ਮੌਕੇ ਪਿੰਡ ਦੇ ਲੋਕ ਸਤਿਕਾਰ ਨਾਲ ਯਾਦ ਕਰਦੇ ਹਨ।

ਉਹ ਕਹਿੰਦੇ ਹਨ, "ਦਿੱਲੀ ਵਿੱਚ ਹੋਏ ਖੇਤੀ ਅੰਦੋਲਨ ਦੌਰਾਨ ਵੀ ਕਿਸਾਨਾਂ ਵੱਲੋਂ ਉਨ੍ਹਾਂ ਦੇ ਨਾਮ 'ਤੇ ਸਟੇਜ ਲਗਾ ਕੇ 378 ਦਿਨਾਂ ਤੱਕ "ਗਦਰੀ ਗੁਲਾਬ ਕੌਰ ਨਗਰ" ਦੇ ਨਾਮ ਨਾਲ ਸਮਾਗਮ ਹੁੰਦੇ ਰਹੇ ਅਤੇ ਔਰਤ ਦਿਵਸ 'ਤੇ ਵੀ ਉਸਨੂੰ ਖ਼ਾਸ ਤੌਰ 'ਤੇ ਯਾਦ ਕੀਤਾ ਗਿਆ।"

ਜਗਤਾਰ ਸਿੰਘ ਕਹਿੰਦੇ ਹਨ ਕਿ ਉਹ ਮਾਣ ਨਾਲ ਦੱਸਦੇ ਹਨ ਕਿ ਉਹ ਉਸ ਨਗਰ ਨਾਲ ਸਬੰਧਿਤ ਹਨ ਜਿੱਥੇ ਗੁਲਾਬ ਕੌਰ ਦਾ ਜਨਮ ਹੋਇਆ ਪਰ ਨਾਲ ਹੀ ਉਨ੍ਹਾਂ ਨੂੰ ਇਸ ਗੱਲ ਦਾ ਮਲਾਲ ਵੀ ਹੈ ਕਿ ਪਿੰਡ ਵਿੱਚ ਅਜੇ ਤੱਕ ਕੋਈ ਵੱਡਾ ਸਰਕਾਰੀ ਪ੍ਰੋਜੈਕਟ ਉਸਦੇ ਨਾਮ 'ਤੇ ਨਹੀਂ ਬਣਾਇਆ ਗਿਆ।

ਹਾਲਾਂਕਿ ਇਸ ਲਈ ਸਿਫ਼ਾਰਸ਼ ਕੀਤੀ ਗਈ ਸੀ, ਪਰ ਬੀਬੀ ਗੁਲਾਬ ਕੌਰ ਸਬੰਧੀ ਅਧਿਕਾਰਤ ਦਸਤਾਵੇਜ਼ ਨਾ ਹੋਣ ਕਰਕੇ ਇਹ ਸੰਭਵ ਨਹੀਂ ਹੋ ਸਕਿਆ।

ਬਖ਼ਸ਼ੀਵਾਲਾ ਪਿੰਡ ਦੇ ਇੱਕ ਹੋਰ ਵਸਨੀਕ ਹਰਦੇਵ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਕਾਫ਼ੀ ਦੇਰ ਬਾਅਦ ਗੁਲਾਬ ਕੌਰ ਬਾਰੇ ਜਾਣਕਾਰੀਆਂ ਹਾਸਲ ਹੋਈਆਂ। ਪਰ ਜਿਵੇਂ-ਜਿਵੇਂ ਉਨ੍ਹਾਂ ਬਾਰੇ ਪਤਾ ਲੱਗਿਆ ਪਿੰਡ ਵਿੱਚ ਉਨ੍ਹਾਂ ਨਾਮ ਉੱਤੇ ਕਈ ਸਮਾਗਮ ਕਰਵਾਏ ਜਾਣ ਲੱਗੇ।

# ਡਾਕਟਰ ਖੁਦਕੁਸ਼ੀ ਮਾਮਲਾ: ਰਾਹੁਲ ਗਾਂਧੀ ਵੱਲੋਂ ਮ੍ਰਿਤਕਾਂ ਦੇ ਪਰਿਵਾਰ ਨਾਲ ਗੱਲਬਾਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਵਿੱਚ ਕਥਿਤ ਤੌਰ 'ਤੇ ਖੁਦਕੁਸ਼ੀ ਕਰਨ ਵਾਲੀ ਇੱਕ ਮਹਿਲਾ ਡਾਕਟਰ ਦੇ ਪਰਿਵਾਰਕ ਮੈਂਬਰਾਂ ਨਾਲ ਫੋਨ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਨਿਆਂ ਦੀ ਲੜਾਈ ਵਿੱਚ ਸਹਿਯੋਗ ਦਾ ਭਰੋਸਾ ਦਿੱਤਾ।

ਡਾਕਟਰ ਦੇ ਪਰਿਵਾਰਕ ਮੈਂਬਰਾਂ ਨੇ ਉਸ ਲਈ ਨਿਆਂ ਦੀ ਮੰਗ ਕਰਦਿਆਂ ਗਾਂਧੀ ਨੂੰ ਅਪੀਲ





ਕੀਤੀ ਕਿ ਉਹ ਮੌਤ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (SIT) ਗਠਿਤ ਕਰਨ ਲਈ ਸਰਕਾਰ 'ਤੇ ਦਬਾਅ ਪਾਉਣ।

ਉਨ੍ਹਾਂ ਕਿਹਾ ਕਿ ਡਾਕਟਰ ਦੀ ਮੌਤ ਨੂੰ ਇੱਕ ਹਫ਼ਤਾ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਡਰ ਹੈ ਕਿ ਸਬੂਤ ਮਿਟਾਏ ਜਾ ਸਕਦੇ ਹਨ। ਗਾਂਧੀ ਨੇ ਮ੍ਰਿਤਕ ਦੇ ਮਾਪਿਆਂ ਅਤੇ ਭੈਣ-ਭਰਾਵਾਂ ਨਾਲ ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਹਰਸ਼ਵਰਧਨ ਸਪਕਾਲ ਦੇ ਫੋਨ ਰਾਹੀਂ ਗੱਲ ਕੀਤੀ।

ਕਾਂਗਰਸ ਦੇ ਸੰਸਦ ਮੈਂਬਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਇਸ ਕੇਸ ਦੀ ਜਾਂਚ ਲਈ SIT ਗਠਿਤ ਕਰਨ ਲਈ ਸਰਕਾਰ 'ਤੇ ਦਬਾਅ ਪਾਉਣਗੇ। ਜ਼ਿਕਰਯੋਗ ਹੈ ਕਿ 28 ਸਾਲਾ ਡਾਕਟਰ 23 ਅਕਤੂਬਰ ਦੀ ਰਾਤ ਨੂੰ ਸਤਾਰਾ ਜ਼ਿਲ੍ਹੇ ਦੇ ਫਲਟਨ ਕਸਬੇ ਦੇ ਇੱਕ ਹੋਟਲ ਦੇ ਕਮਰੇ ਵਿੱਚ ਫਾਹੇ ਨਾਲ ਲਟਕੀ ਮਿਲੀ ਸੀ।

ਉਸ ਨੇ ਆਪਣੇ ਹੱਥ 'ਤੇ ਲਿਖੇ ਇੱਕ ਨੋਟ ਵਿੱਚ ਦੋਸ਼ ਲਾਇਆ ਸੀ ਕਿ ਪੁਲੀਸ ਸਬ-ਇੰਸਪੈਕਟਰ ਗੋਪਾਲ ਬਾਡਨੇ ਨੇ ਕਈ ਵਾਰ ਉਸ ਨਾਲ ਜਬਰ ਜਨਾਹ ਕੀਤਾ, ਜਦੋਂ ਕਿ ਪ੍ਰਸ਼ਾਂਤ ਬਾਂਕਰ, ਇੱਕ ਸਾਫਟਵੇਅਰ ਇੰਜੀਨੀਅਰ ਨੇ ਉਸ ਨੂੰ ਮਾਨਸਿਕ ਤੌਰ 'ਤੇ ਤੰਗ ਕੀਤਾ। ਦੋਵਾਂ ਨੂੰ 25 ਅਕਤੂਬਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 29 ਅਕਤੂਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## 28 ਅਕਤੂਬਰ, 1951 ਨੂੰ ਲੁਧਿਆਣਾ ਵਿੱਚ ਬਾਬਾ ਸਾਹਿਬ ਡਾਕਟਰ ਅੰਬੇਡਕਰ ਦਾ ਭਾਸ਼ਨ

**ਸਾਡੇ ਹਿੱਤਾਂ ਲਈ ਤਾਂ ਹੀ ਲੜਿਆ ਜਾ ਸਕਦੇ ਹਨ ਜੇ ਸਾਡੇ ਸੱਚੇ ਨੁਮਾਇੰਦੇ ਸੰਸਦ ਅਤੇ ਰਾਜ ਸਭਾ ਵਿੱਚ ਹੋਣ।**

28 ਅਕਤੂਬਰ 1951 ਨੂੰ ਡਾ. ਬਾਬਾ ਸਾਹਿਬ ਅੰਬੇਡਕਰ ਦੇ ਦੁਆਰਾ ਭਾਸ਼ਣ ਲੁਧਿਆਣਾ ਵਿਖੇ ਦਿੱਤਾ ਗਿਆ ਸੀ।

ਪਿਆਰੇ ਭਰਾਵੋ ਅਤੇ ਭੈਣੋ,



ਇਹ ਪਹਿਲੀ ਵਾਰ ਹੈ ਜਦੋਂ ਮੈਂ ਆਪਣੇ ਲੋਕਾਂ ਨਾਲ ਗੱਲਬਾਤ ਕਰਨ ਲਈ ਲੁਧਿਆਣਾ ਆਇਆ ਹਾਂ। ਮੈਂ ਇੱਥੇ ਆਉਣ ਦੀ ਕਈ ਯੋਜਨਾਵਾਂ ਬਣਾਈਆਂ ਸਨ, ਪਰ ਕਿਸੇ ਕਾਰਨ ਕਰਕੇ ਮੈਂ ਨਹੀਂ ਆ ਸਕਿਆ। ਤੁਸੀਂ ਸਾਰੇ ਇੱਕ ਜਗ੍ਹਾ ਇਕੱਠੇ ਹੋਏ ਹੋ, ਇਹ ਕਿੰਨਾ ਖੁਸ਼ੀ ਦਾ ਮੌਕਾ ਹੈ।

ਤੁਸੀਂ ਜਾਣਦੇ ਹੋ ਕਿ ਦੋ-ਤਿੰਨ ਮਹੀਨਿਆਂ ਬਾਅਦ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਕਈ ਪਾਰਟੀਆਂ ਇਸ ਵਿੱਚ ਹਿੱਸਾ ਲੈਣ ਜਾ ਰਹੀਆਂ ਹਨ। ਇਨ੍ਹਾਂ ਜ਼ਿਮਨੀ ਚੋਣਾਂ ਵਿੱਚ ਵੀ ਸ਼ੈਡਿਊਲਡ ਕਾਸਟ ਫੈਡਰੇਸ਼ਨ ਵੀ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਅਸੀਂ ਵਿਧਾਨ ਸਭਾ ਅਤੇ ਸੰਸਦ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵੀਂਆਂ ਸਾਰੀਆਂ ਸੀਟਾਂ ਅਤੇ ਕੁਝ ਖੇਤਰਾਂ ਤੋਂ ਚੋਣ ਲੜਨ ਜਾ ਰਹੇ ਹਾਂ ਜਿੱਥੇ ਸਾਡੇ ਵੋਟਰ ਵੱਡੀ ਗਿਣਤੀ ਵਿੱਚ ਹਨ। ਮੈਨੂੰ ਉਮੀਦ ਹੈ ਕਿ ਸਾਡਾ ਉਮੀਦਵਾਰ ਜਿੱਤੇਗਾ। ਸਾਡੇ ਉਮੀਦਵਾਰਾਂ ਦੀ ਜਿੱਤ ਮੁੱਖ ਤੌਰ ‘ਤੇ ਸਾਡੇ ਵੋਟਰਾਂ’ ਤੇ ਨਿਰਭਰ ਕਰਦੀ ਹੈ। ਜੇ ਸਾਡੇ ਸਾਰੇ ਵੋਟਰ ਆਪਣੇ ਉਮੀਦਵਾਰ ਨੂੰ ਵੋਟ ਦਿੰਦੇ ਹਨ, ਤਾਂ ਮੈਨੂੰ ਯਕੀਨ ਹੈ ਕਿ ਉਹ ਜਿੱਤਣਗੇ। ਇਸ ਲਈ ਅਨੁਸੂਚਿਤ ਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਅਨੁਸੂਚਿਤ ਜਾਤੀ ਫੈਡਰੇਸ਼ਨ ਉਹੀ ਸੰਸਥਾ ਹੈ। ਮੈਂ ਅਨੁਸੂਚਿਤ ਜਾਤੀਆਂ ਦੇ ਸਾਰੇ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਸੰਗਠਨ ਦੇ ਉਮੀਦਵਾਰਾਂ ਨੂੰ ਵੋਟ ਦੇਣ।

ਕਈ ਸਾਲਾਂ ਦੇ ਸੰਘਰਸ਼ ਤੋਂ ਬਾਅਦ ਹੁਣ ਸਾਨੂੰ ਕੁਝ ਰਾਜਨੀਤਕ ਅਧਿਕਾਰ ਮਿਲੇ ਹਨ। ਅਤੇ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ। ਮੈਂ ਵੀਹ ਸਾਲਾਂ ਦੇ ਲੰਬੇ ਅਰਸੇ ਤੱਕ ਗਾਂਧੀ ਜੀ ਵਿਰੁੱਧ ਲੜਿਆ। ਉਹ ਸਾਨੂੰ ਕੋਈ ਵੱਖਰਾ ਅਧਿਕਾਰ ਦੇਣ ਦੇ ਵਿਚਾਰ ਦੇ ਵਿਰੁੱਧ ਸਨ, ਇਹ ਦਲੀਲ ਦਿੰਦੇ ਹੋਏ ਕਿ ਜੇ ਅਛੂਤਾਂ ਨੂੰ ਵੱਖਰੇ ਅਧਿਕਾਰ ਦਿੱਤੇ ਜਾਂਦੇ ਹਨ, ਤਾਂ ਉਹ ਕਦੇ ਵੀ ਹਿੰਦੂ ਜੀਵਨ ਸ਼ੈਲੀ ਵਿੱਚ ਸ਼ਾਮਲ ਨਹੀਂ ਹੋ ਸਕਣਗੇ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਹਮੇਸ਼ਾ ਲਈ ਹਿੰਦੂਆਂ ਤੋਂ ਵੱਖ ਕਰ ਦਿੱਤਾ ਜਾਵੇਗਾ। ਗੋਲਮੇਜ਼ ਕਾਨਫਰੰਸ ਵਿੱਚ ਵੀ ਗਾਂਧੀ ਜੀ ਨੇ ਇੱਕ ਵੱਖਰੇ ਹਲਕੇ ਦੀ ਸਾਡੀ ਮੰਗ ਦਾ ਵਿਰੋਧ ਕੀਤਾ ਸੀ। ਇਸ ਲਈ ਇੰਨੇ ਲੰਬੇ ਸੰਘਰਸ਼ ਤੋਂ ਬਾਅਦ ਸਾਨੂੰ ਕੁਝ ਸਿਆਸੀ ਅਧਿਕਾਰ ਮਿਲੇ ਹਨ। ਹੁਣ ਅਨੁਸੂਚਿਤ ਜਾਤੀਆਂ ਲਈ ਰਾਖਵੀਂਆਂ ਸੀਟਾਂ ਤੋਂ ਅਸੀਂ ਵਿਧਾਨ ਸਭਾ ਅਤੇ ਸੰਸਦ ਵਿੱਚ ਆਪਣੇ ਨੁਮਾਇੰਦੇ ਭੇਜ ਸਕਦੇ ਹਾਂ।

ਕਈ ਪਾਰਟੀਆਂ ਸਾਡੇ ਤੋਂ ਇਹ ਅਧਿਕਾਰ ਖੋਹਣ ਲਈ ਕੰਮ ਕਰ ਰਹੀਆਂ ਹਨ। ਇਹ ਪਾਰਟੀਆਂ ਆਪਣੇ ਲੋਕਾਂ ਲਈ ਰਾਖਵੀਂਆਂ ਸੀਟਾਂ ਤੋਂ ਆਪਣੇ ਉਮੀਦਵਾਰਾਂ ਨੂੰ ਜਿੱਤਣ ਲਈ ਸਾਡੀਆਂ ਵੋਟਾਂ ਪ੍ਰਾਪਤ ਕਰਨ ਲਈ ਕੰਮ ਕਰ ਰਹੀਆਂ ਹਨ। ਤੁਸੀਂ ਉਨ੍ਹਾਂ ਦੇ ਇਰਾਦੇ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ। ਉਹ ਮਹਿਸੂਸ ਕਰਦੇ ਹਨ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਉੱਥੇ ਹੀ ਰਹਿਣਾ ਚਾਹੀਦਾ ਹੈ ਜਿੱਥੇ ਉਹ ਹਨ ਅਤੇ ਜੋ ਵੀ ਸਥਿਤੀ ਵਿੱਚ ਹਨ, ਤਾਂ ਜੋ ਅਜਿਹਾ ਨਾਂ ਹੋਵੇ ਕਿ ਉਨ੍ਹਾਂ ਨੂੰ ਉਹ ਘਿਣਾਉਣੇ ਕੰਮ ਕਰਨ ਲਈ ਲੋਕ ਨਾ ਮਿਲਣ ਜੋ ਸਾਡੇ ਲੋਕ ਅੱਜ ਕਰਦੇ ਹਨ। ਇਸ ਲਈ ਤੁਹਾਨੂੰ ਆਉਣ ਵਾਲੀਆਂ ਚੋਣਾਂ ਵਿੱਚ ਆਪਣੀ ਵੋਟ ਨੂੰ ਲੈ ਕੇ ਸਾਵਧਾਨ ਰਹਿਣਾ ਹੋਵੇਗਾ। ਸਿਰਫ਼ ਸਾਡੇ ਸੱਚੇ ਨੁਮਾਇੰਦੇ ਸਾਡੀਆਂ ਵੋਟਾਂ ਨਾਲ ਚੁਣੇ ਜਾਣੇ ਚਾਹੀਦੇ ਹਨ, ਕੋਈ ਹੋਰ ਨਹੀਂ। ਜੇ ਤੁਸੀਂ ਇਸ ਤੋਂ ਜਾਣੂ ਹੋ, ਤਾਂ ਸਿਰਫ ਤੁਹਾਡੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕੇਗੀ ਜੋ ਰਾਜ ਦੇ ਸੰਵਿਧਾਨ ਵਿੱਚ ਸ਼ਾਮਲ ਕੀਤੇ ਗਏ ਹਨ।

ਜੇ ਵਿਧਾਨ ਸਭਾ ਅਤੇ ਸੰਸਦ ਵਿੱਚ ਸਾਡੇ ਸੱਚੇ ਨੁਮਾਇੰਦੇ ਚੋਣਾਂ ਨਹੀਂ ਜਿੱਤਦੇ, ਤਾਂ ਅਸੀਂ ਆਜ਼ਾਦੀ ਦਾ ਆਨੰਦ ਨਹੀਂ ਲੈ ਸਕਾਂਗੇ। ਸਾਡੇ ਲੋਕਾਂ ਲਈ ਆਜ਼ਾਦੀ ਇੱਕ ਡਰਾਮਾ ਹੋ ਸਕਦੀ ਹੈ। ਇਹ ਸਿਰਫ਼ ਹਿੰਦੂਆਂ ਲਈ ਆਜ਼ਾਦੀ ਸਾਬਤ ਹੋ ਸਕਦੀ ਹੈ। ਸਾਡੇ ਲਈ ਨਹੀਂ। ਪਰ ਜੇ ਸਾਡੇ ਸੱਚੇ ਨੁਮਾਇੰਦੇ ਵਿਧਾਨ ਸਭਾ ਅਤੇ ਸੰਸਦ ਵਿੱਚ ਹਨ, ਤਾਂ ਉਹ ਸਾਡੇ ਹੱਕ ਅਧਿਕਾਰ ਲਈ ਲੜਨਗੇ। ਇਹ ਸਾਡੇ ਦੁਖਾਂ ਦਰਦਾਂ ਨੂੰ ਦੂਰ ਕਰ ਦੇਣਗੇ। ਤਾਂ ਹੀ ਸਾਡੇ ਬੱਚਿਆਂ ਨੂੰ ਸਹੀ ਸਿੱਖਿਆ ਮਿਲੇਗੀ। ਕੇਵਲ ਤਦ ਹੀ ਸਾਡੀ ਗਰੀਬੀ ਨੂੰ ਨਸ਼ਟ ਕੀਤਾ ਜਾ ਸਕਦਾ ਹੈ ਅਤੇ ਕੇਵਲ ਤਦ ਹੀ ਅਸੀਂ ਜੀਵਨ ਦੇ ਹਰ ਖੇਤਰ ਵਿੱਚ ਬਰਾਬਰ ਹਿੱਸਾ ਲੈ ਸਕਦੇ ਹਾਂ। ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਦਿੱਤੇ ਗਏ ਵਿਸ਼ੇਸ਼ ਅਧਿਕਾਰਾਂ ਦੇ ਬਾਵਜੂਦ, ਹੋਰ ਪਾਰਟੀਆਂ, ਖਾਸ ਕਰਕੇ ਕਾਂਗਰਸ, ਇਸ ਵਿੱਚ ਬੇਲੋੜੀਆਂ ਰੁਕਾਵਟਾਂ ਪਾ ਰਹੀਆਂ ਹਨ। ਉਹ ਅਨੁਸੂਚਿਤ ਜਾਤੀਆਂ ਲਈ ਰਾਖਵੀਂਆਂ ਥਾਵਾਂ ‘ਤੇ ਚੋਣਾਂ ਵਿੱਚ ਆਪਣੇ ਗੁੰਡਿਆਂ ਨੂੰ ਮੈਦਾਨ ਵਿੱਚ ਉਤਾਰ ਰਹੇ ਹਨ। ਜੋ ਲੋਕ ਕਾਂਗਰਸ ਦੀਆਂ ਟਿਕਟਾਂ ‘ਤੇ ਚੁਣੇ ਜਾਂਦੇ ਹਨ, ਉਨ੍ਹਾਂ ਨੂੰ ਆਪਣੇ ਮਾਲਕਾਂ ਦੀ ਇੱਛਾ ਅਨੁਸਾਰ ਚੱਲਣਾ ਪੈਂਦਾ ਹੈ। ਤਾਂ ਫਿਰ ਉਹ ਸਾਡੇ ਹਿੱਤਾਂ ਦੀ ਰੱਖਿਆ ਕਿੱਥੇ ਕਰ ਸਕਣਗੇ? ਕੀ ਉਹ ਅਜਿਹਾ ਕਰ ਸਕਦੇ ਹਨ?

ਮੈਂ ਤੁਹਾਨੂੰ ਉਨ੍ਹਾਂ ਮੈਂਬਰਾਂ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਅਛੂਤਾਂ ਲਈ ਰਾਖਵੀਂਆਂ ਸੀਟਾਂ ‘ਤੇ ਕਾਂਗਰਸ ਦੀਆਂ ਟਿਕਟਾਂ’ ਤੇ ਸੰਸਦ ਦੀਆਂ ਚੋਣਾਂ ਜਿੱਤੀਆਂ ਹਨ। ਉਨ੍ਹਾਂ ਦੀ ਗਿਣਤੀ ਲਗਭਗ 30 ਸੀ ਅਤੇ ਉਹ ਪਿਛਲੇ ਚਾਰ ਸਾਲਾਂ ਤੋਂ ਸੰਸਦ ਵਿੱਚ ਸਨ। ਇਨ੍ਹਾਂ 30 ਮੈਂਬਰਾਂ ਵਿੱਚੋਂ ਪਿਛਲੇ ਚਾਰ ਸਾਲਾਂ ਵਿੱਚ ਅਛੂਤਾਂ ਦੀ ਸਮੱਸਿਆ ਬਾਰੇ ਸੰਸਦ ਵਿੱਚ ਇੱਕ ਵੀ ਸਵਾਲ ਨਹੀਂ ਉਠਾਇਆ ਗਿਆ। ਭਾਵੇਂ ਕਿਸੇ ਨੇ ਇੱਕ ਵੀ ਸਵਾਲ ਉਠਾਇਆ, ਸਪੀਕਰ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਮਾਮਲਾ ਉਥੇ ਹੀ ਖਤਮ ਹੋ ਗਿਆ। ਭਾਵੇਂ ਸਪੀਕਰ ਪ੍ਰਸ਼ਨ ਨੂੰ ਸਦਨ ਦੇ ਕੰਮਕਾਜ ਵਿੱਚ ਸ਼ਾਮਲ ਕਰਨ ਦੀ ਆਗਿਆ ਦਿੰਦਾ, ਕਾਂਗਰਸ ਦਾ ਮੁੱਖ ਨੇਤਾ ਸਬੰਧਤ ਮੈਂਬਰ ਕੋਲ ਜਾਂਦਾ ਅਤੇ ਉਸ ਨੂੰ ਪ੍ਰਸ਼ਨ ਨੂੰ ਕਾਰਵਾਈ ਵਿੱਚ ਛਾਪਣ ਤੋਂ ਪਹਿਲਾਂ ਵਾਪਸ ਲੈਣ ਲਈ ਕਹਿੰਦਾ।

ਜਦੋਂ ਵੀ ਕੋਈ ਪ੍ਰਸ਼ਨ ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਜਦੋਂ ਉਸ ਦਾ ਉੱਤਰ ਦੇਣ ਦਾ ਸਮਾਂ ਆਉਂਦਾ ਹੈ, ਤਾਂ ਨੇਤਾ ਪ੍ਰਸ਼ਨਕਰਤਾ ਨੂੰ ਕਹਿੰਦਾ ਹੈ ਕਿ ਉਸ ਨੂੰ ਸਦਨ ਵਿੱਚ ਗੈਰਹਾਜ਼ਰ ਰਹਿਣਾ ਚਾਹੀਦਾ ਹੈ। ਇਸ ਲਈ, ਮੈਂਬਰ ਦੁਆਰਾ ਉਠਾਏ ਗਏ ਪ੍ਰਸ਼ਨ ਦੀ ਗੈਰਹਾਜ਼ਰੀ ਕਾਰਨ ਇਸ ‘ਤੇ ਚਰਚਾ ਨਹੀਂ ਕੀਤੀ ਜਾਂਦੀ। ਸੰਸਦ ਵਿੱਚ ਕਈ ਮਹੀਨਿਆਂ ਤੋਂ ਬਜਟ ‘ਤੇ ਚਰਚਾ ਹੋ ਰਹੀ ਹੈ। ਇਸ ਸਮੇਂ ਦੌਰਾਨ, ਚਰਚਾ ਵਿੱਚ ਹਿੱਸਾ ਲੈਣ ਵਾਲਾ ਕੋਈ ਵੀ ਮੈਂਬਰ ਆਪਣੀ ਰਾਏ ਦਰਜ ਕਰਵਾ ਸਕਦਾ ਹੈ ਕਿ ਉਸ ਦੇ ਸਮਾਜ ਲਈ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਉਹ ਇਸ ਤੱਥ ਵੱਲ ਧਿਆਨ ਖਿੱਚ ਸਕਦਾ ਹੈ ਕਿ ਬੇਲੋੜੀ ਯੋਜਨਾਬੰਦੀ ‘ਤੇ ਇੰਨਾ ਪੈਸਾ ਖਰਚ ਕੀਤਾ ਜਾ ਰਿਹਾ ਹੈ ਅਤੇ ਲੋੜੀਂਦੀ ਯੋਜਨਾਬੰਦੀ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਚਾਰ ਸਾਲਾਂ ਵਿੱਚ, ਮੈਂ ਕਿਸੇ ਵੀ ਹਰੀਜਨ ਮੈਂਬਰ ਨੂੰ ‘ਕਟਮੋਸ਼ਨ’ ਕਰਦੇ ਨਹੀਂ ਦੇਖਿਆ ਹੈ। ਇਹ ਸਭ ਕਾਂਗਰਸ ਕਾਰਨ ਹੋਇਆ ਹੈ। ਜੇ ਮੈਂਬਰ ਕੋਈ ਪ੍ਰਸਤਾਵ ਪੇਸ਼ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਇਸ ਨੂੰ ਵਿਅਕਤੀਗਤ ਤੌਰ ‘ਤੇ ਪੇਸ਼ ਕਰਨ ਤੋਂ ਪਹਿਲਾਂ ਮੁੱਖ ਨੇਤਾ ਤੋਂ ਆਗਿਆ ਲੈਣੀ ਪਵੇਗੀ। ਇਨ੍ਹਾਂ ਮੈਂਬਰਾਂ ਨੇ ਇਨ੍ਹਾਂ ਚਾਰ ਸਾਲਾਂ ਵਿੱਚ ਕਦੇ ਵੀ ਕੋਈ ਬਿੱਲ ਪੇਸ਼ ਨਹੀਂ ਕੀਤਾ। ਅਛੂਤਾਂ, ਭਾਰਤੀ ਈਸਾਈਆਂ ਅਤੇ ਐਂਗਲੋ-ਇੰਡੀਅਨਜ਼ ਆਦਿ ਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਅਧਿਕਾਰਾਂ ਦੀ ਕੀ ਵਰਤੋਂ ਹੈ? ਜੇ ਉਨ੍ਹਾਂ ਨੂੰ ਕਾਂਗਰਸ ਦੇ ਜ਼ਰੀਏ ਉਨ੍ਹਾਂ ਦੇ ਦੁਸ਼ਮਣਾਂ ਨੇ ਖੋਹ ਲਿਆ ਹੈ?

ਮੈਂ ਇੱਕ ਗੱਲ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਕਾਂਗਰਸ ਨੂੰ ਚੁਣਦੇ ਹੋ ਤਾਂ ਤੁਹਾਨੂੰ ਹਮੇਸ਼ਾ ਲਈ ਦੁੱਖ ਝੱਲਣਾ ਪਵੇਗਾ। ਕਾਂਗਰਸ ਦੀਆਂ ਟਿਕਟਾਂ ‘ਤੇ ਚੁਣੇ ਗਏ ਸਾਡੇ ਨੁਮਾਇੰਦੇ ਵਿਧਾਨ ਸਭਾ ਅਤੇ ਸੰਸਦ ਵਿੱਚ ਆਪਣੇ ਮੂੰਹ ਬੰਦ ਕਰਕੇ ਬੈਠਦੇ ਰਹਿਣਗੇ। ਕਿਉਂਕਿ ਅਨੁਸੂਚਿਤ ਜਾਤੀ ਫੈਡਰੇਸ਼ਨ ਸਾਡਾ ਇਕਲੌਤਾ ਸੰਗਠਨ ਹੈ, ਇਸ ਲਈ ਇਸ ਦੀ ਟਿਕਟ ‘ਤੇ ਚੁਣੇ ਗਏ ਸਾਡੇ ਸੱਚੇ ਨੁਮਾਇੰਦੇ ਹੀ ਸਾਡੇ ਹਿੱਤਾਂ ਦੀ ਰੱਖਿਆ ਕਰ ਸਕਦੇ ਹਨ। ਜੇ ਕਾਂਗਰਸ ਵਿੱਚ ਰਹਿ ਕੇ ਮੇਰੇ ਦੁੱਖਾਂ ਨੂੰ ਦੂਰ ਕਰਨ ਦੀ ਕੋਈ ਸੰਭਾਵਨਾ ਹੁੰਦੀ, ਤਾਂ ਮੈਂ ਉਸ ਸੰਗਠਨ ਨੂੰ ਅਪਣਾਇਆ ਹੁੰਦਾ। ਮੈਂ ਜਾਣਦਾ ਹਾਂ ਕਿ ਕਾਂਗਰਸ ਕੋਲ ਬਹੁਤ ਪੈਸਾ ਹੈ ਅਤੇ ਉਹ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰੇਗੀ। ਪਰ ਤੁਹਾਨੂੰ ਸਾਵਧਾਨ ਰਹਿਣ ਦੀ ਜ਼ਰੂਰਤ ਹੈ. ਜੇ ਮੈਂ ਚਾਹੁੰਦਾ ਤਾਂ ਮੈਂ ਹਮੇਸ਼ਾ ਕਾਂਗਰਸ ਸਰਕਾਰ ਵਿੱਚ ਰਹਿੰਦਾ। ਬੇਸ਼ਕ, ਮੈਨੂੰ ਉੱਥੇ ਇੱਕ ਚੰਗੀ ਜਗ੍ਹਾ ਮਿਲ ਜਾਂਦੀ, ਪਰ ਮੈਂ ਇਸ ਨੂੰ ਤਾਂ ਹੀ ਸਵੀਕਾਰ ਕਰਦਾ ਜੇ ਮੇਰਾ ਉਦੇਸ਼ ਸਿਰਫ ਆਤਮ-ਬਲੀਦਾਨ ਹੁੰਦਾ ਅਤੇ ਮੈਨੂੰ ਆਪਣੇ ਸਮਾਜ ਵਿੱਚ ਕੋਈ ਵਿਸ਼ਵਾਸ ਨਾ ਹੁੰਦਾ। ਮੈਂ ਉੱਥੇ ਤਾਂ ਹੀ ਰਹਿੰਦਾ ਜੇ ਮੈਨੂੰ ਕਿਸੇ ਲਾਇਸੈਂਸ ਜਾਂ ਪਰਮਿਟ ਦੀ ਜ਼ਰੂਰਤ ਹੁੰਦੀ। ਜਿਸ ਵਿਅਕਤੀ ਨੂੰ ਲਾਇਸੈਂਸ ਅਤੇ ਪਰਮਿਟ ਮਿਲਦਾ ਹੈ, ਉਹ ਸਮਾਜ ਦੇ ਹਿੱਤਾਂ ਦੀ ਬਲੀਦਾਨ ਦੇ ਕੇ ਅਜਿਹਾ ਕਰਦਾ ਹੈ। ਇਹ ਮੇਰਾ ਤਜਰਬਾ ਰਿਹਾ ਹੈ ਜਦੋਂ ਮੈਂ ਕਾਂਗਰਸ ਸਰਕਾਰ ਵਿੱਚ ਸੀ।

ਜੇਕਰ ਅੰਗਰੇਜ਼ ਚਾਹੁੰਦੇ ਤਾਂ ਉਹ ਜਦੋਂ ਤੱਕ ਇੱਥੇ ਹਨ ਸਾਡੀ ਤਰੱਕੀ ਲਈ ਕੁਝ ਕਰ ਸਕਦੇ ਸਨ। ਪਰ ਉਸਨੇ ਸਾਡੇ ਨਾਲ ਵੀ ਧੋਖਾ ਕੀਤਾ। ਹੁਣ ਉਹ ਯੁੱਗ ਬੀਤ ਗਿਆ, ਹੁਣ ਇੱਕ ਹੋਰ ਯੁੱਗ ਆ ਗਿਆ ਹੈ। ਅੰਗਰੇਜ਼ ਸਾਨੂੰ ਛੱਡ ਕੇ ਚਲੇ ਗਏ ਹਨ ਅਤੇ ਹੋਰ ਲੋਕ ਹੁਣ ਸੱਤਾ ਵਿਚ ਹਨ। ਇਸ ਵਾਰ ਜੇਕਰ ਅਸੀਂ ਸੁਚੇਤ ਨਾ ਹੋਏ ਅਤੇ ਅੱਖਾਂ ਬੰਦ ਕਰਕੇ ਬੈਠੇ ਰਹੇ ਤਾਂ ਸਾਡੀ ਤਬਾਹੀ ਨਿਸ਼ਚਿਤ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਤੁਹਾਡੇ ਵੱਲੋਂ ਅੱਜ ਤੱਕ ਜ਼ੁਲਮ ਨਾ ਝੱਲਣੇ ਪੈਣ ਤਾਂ ਤੁਹਾਨੂੰ ਹੁਣ ਇਸ ਦਿਸ਼ਾ ਵਿੱਚ ਕੁਝ ਕਰਨਾ ਪਵੇਗਾ। ਰੁੱਖ ਲਗਾਉਣ ਦੇ ਕੁਝ ਸਮੇਂ ਬਾਅਦ, ਤੁਹਾਨੂੰ ਫਲ ਮਿਲਣੇ ਸ਼ੁਰੂ ਹੋ ਜਾਂਦੇ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਵਿਧਾਨ ਸਭਾ ਅਤੇ ਸੰਸਦ ਵਿੱਚ ਰਾਖਵੀਆਂ ਸੀਟਾਂ ਸਿਰਫ਼ ਦਸ ਸਾਲਾਂ ਲਈ ਹਨ। ਮੈਂ ਚਾਹੁੰਦਾ ਹਾਂ ਕਿ ਜਦੋਂ ਤੱਕ ਭਾਰਤ ਵਿੱਚ ਛੂਆਛੂਤ ਹੈ, ਉਦੋਂ ਤੱਕ ਉਨ੍ਹਾਂ ਨੂੰ ਰਾਖਵਾਂ ਰੱਖਿਆ ਜਾਵੇ, ਪਰ ਸਾਡੇ ਲੋਕ ਜੋ ਕਾਂਗਰਸ ਦੀਆਂ ਟਿਕਟਾਂ ‘ਤੇ ਸੰਸਦ ਮੈਂਬਰ ਬਣੇ, ਉਨ੍ਹਾਂ ਨੇ ਵੀ ਮੇਰਾ ਵਿਰੋਧ ਕੀਤਾ। ਉੱਚ ਅਧਿਕਾਰੀਆਂ ਬਾਰੇ ਕੀ? ਕੁੱਝ ਨਾ ਮਿਲਣ ਨਾਲੋਂ ਕੁੱਝ ਮਿਲਣਾ ਬਿਹਤਰ ਹੈ, ਇਸ ਲਈ ਮੈਂ ਦਸ ਸਾਲਾਂ ਲਈ ਸੀਟਾਂ ਦੇ ਰਾਖਵੇਂਕਰਨ ਲਈ ਸਹਿਮਤ ਹੋ ਗਿਆ। ਉਸ ਨੇ ਆਪਣੇ ਲੋਕਾਂ ਲਈ ਥੋੜ੍ਹਾ ਬਹੁਤ ਪਾਇਆ।ਇਹ ਰਾਖਵਾਂਕਰਨ ਅਗਲੀਆਂ ਦੋ ਚੋਣਾਂ ਤੱਕ ਹੀ ਲਾਗੂ ਹੈ ਅਤੇ ਉਦੋਂ ਤੱਕ ਕਾਂਗਰਸ ਵਰਗੀਆਂ ਪਾਰਟੀਆਂ ਤੁਹਾਡੇ ਕੋਲ ਆ ਕੇ ਵੋਟਾਂ ਮੰਗਣਗੀਆਂ। ਇਹ | ਇਸ ਤਰ੍ਹਾਂ ਦਸ ਸਾਲਾਂ ਦਾ ਇਹ ਸਮਾਂ ਲੰਘ ਜਾਵੇਗਾ ਅਤੇ ਤੁਹਾਡੇ ਵਿੱਚੋਂ ਕੋਈ ਵੀ ਇਸ ਸਮੇਂ ਨੂੰ ਵਧਾਉਣ ਦੀ ਮੰਗ ਕਰਨ ਲਈ ਸੰਸਦ ਵਿੱਚ ਨਹੀਂ ਹੋਵੇਗਾ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਫਿਰ ਕੀ ਕਰੋਗੇ? ਫਿਰ ਕੀ ਇਹ ਕਾਂਗਰਸੀ ਲੋਕ ਆ ਕੇ ਤੁਹਾਨੂੰ ਇਨ੍ਹਾਂ ਦੀ ਟਿਕਟ ‘ਤੇ ਚੋਣ ਲੜਨ ਦੀ ਬੇਨਤੀ ਕਰਨਗੇ? ਯਕੀਨੀ ਤੌਰ ‘ਤੇ ਨਹੀਂ। ਉਹ ਇੰਨੇ ਮੂਰਖ ਨਹੀਂ ਹਨ। ਉਹ ਤੁਹਾਨੂੰ ਲੋਕਾਂ ਨੂੰ ਮੂਰਖ ਬਣਾਉਣਾ ਚਾਹੁੰਦੇ ਹਨ। ਅੱਜ ਕਾਂਗਰਸ ਦੀ ਟਿਕਟ ਲੈਣ ਦੇ ਚਾਹਵਾਨ ਉਸ ਯਤਨ ਵਿੱਚ ਲੱਗੇ ਹੋਏ ਹਨ ਤਾਂ ਇਹ ਕਾਂਗਰਸੀ ਲੋਕ ਉਨ੍ਹਾਂ ਦੇ ਮੂੰਹ ‘ਤੇ ਥੁੱਕਣ ਵੀ ਨਹੀਂ ਦੇਣਗੇ। ਇਸ ਲਈ ਤੁਹਾਨੂੰ ਸਾਰਿਆਂ ਨੂੰ ਇਸ ਸਮੱਸਿਆ ਬਾਰੇ ਸੋਚਣਾ ਚਾਹੀਦਾ ਹੈ। ਸੋਚਣ ਤੋਂ ਬਾਅਦ ਹੀ ਫੈਸਲਾ ਕਰੋ ਕਿ ਵੋਟ ਕਿਸ ਨੂੰ ਪਾਉਣੀ ਹੈ।

“ਇਕੁਐਲਿਟੀ ਐਂਡ ਜਸਟਿਸ” “Equality and Justice” Rs- 100/month ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ

ਕਿਸੇ ਵੀ ਪੱਖ ਕੋਲ ਸੱਤਾ ਜਾਂ ਪੈਸਾ ਹੋਣਾ ਚਾਹੀਦਾ ਹੈ। ਸਾਡੇ ਕੋਲ ਪੈਸਾ ਜਾਂ ਤਾਕਤ ਨਹੀਂ ਹੈ। ਅਸੀਂ ਉੱਚ ਜਾਤੀਆਂ ਦੇ ਰਹਿਮ ‘ਤੇ ਪਿੰਡਾਂ ਵਿੱਚ ਰਹਿਣ ਵਾਲੇ ਬਹੁਤ ਘੱਟ ਲੋਕ ਹਾਂ। ਬਨੀਆ ਅਤੇ ਮਾਰਵਾੜੀ ਵੀ ਸੱਤਾ ਵਿੱਚ ਨਹੀਂ ਹਨ ਪਰ ਉਨ੍ਹਾਂ ਕੋਲ ਪੈਸਾ ਹੈ। ਉਹ ਪੈਸੇ ਨਾਲ ਜੋ ਵੀ ਚਾਹੁੰਦੇ ਹਨ ਖਰੀਦ ਸਕਦੇ ਹਨ। ਇਸ ਲਈ ਇਹ ਤੁਹਾਡੇ ਲਈ ਆਪਣੇ ਲਈ ਕੁਝ ਕਰਨ ਦਾ ਇੱਕ ਚੰਗਾ ਮੌਕਾ ਹੈ। ਜੇ ਤੁਸੀਂ ਸੰਗਠਿਤ ਹੋ, ਤਾਂ ਤੁਸੀਂ ਆਪਣੇ ਪ੍ਰਤੀਨਿਧੀ ਨੂੰ ਵਿਧਾਨ ਸਭਾ ਜਾਂ ਸੰਸਦ ਵਿੱਚ ਭੇਜ ਸਕਦੇ ਹੋ ਤਾਂ ਜੋ ਹਿੱਤਾਂ ਦੇ ਸਬੰਧਾਂ ਦੀ ਰੱਖਿਆ ਕੀਤੀ ਜਾ ਸਕੇ। ਅਜਿਹਾ ਕਰਨ ਵਿੱਚ ਅਸਫਲਤਾ ਤੁਹਾਡੇ ਵਿਨਾਸ਼ ਦਾ ਕਾਰਨ ਬਣੇਗੀ। ਤੁਹਾਨੂੰ ਆਪਣੇ ਸਮਾਜ ਨੂੰ ਇਸ ਗੜਬੜ ਤੋਂ ਬਾਹਰ ਕੱਢਣ ਲਈ ਅਨੁਸੂਚਿਤ ਜਾਤੀ ਫੈਡਰੇਸ਼ਨ ਦੇ ਝੰਡੇ ਹੇਠ ਸੰਗਠਿਤ ਕਰਨਾ ਹੋਵੇਗਾ। ਹਰੇਕ ਅਛੂਤ ਨੂੰ ਸੰਘ ਨੂੰ ਆਪਣਾ ਸੱਚਾ ਨੁਮਾਇੰਦਾ ਚੁਣਨ ਵਿੱਚ ਮਦਦ ਕਰਨੀ ਪਵੇਗੀ। ਕਈ ਪਾਰਟੀਆਂ ਆਉਣਗੀਆਂ ਅਤੇ ਤੁਹਾਡੀਆਂ ਵੋਟਾਂ ਮੰਗਣਗੀਆਂ, ਪਰ ਉਨ੍ਹਾਂ ਦੀਆਂ ਗੱਲਾਂ ‘ਤੇ ਆ ਕੇ ਗਲਤ ਰਸਤੇ’ ਤੇ ਨਾ ਚੱਲੋ।

ਜਵਾਹਰ ਲਾਲ ਨਹਿਰੂ ਕੁਝ ਦਿਨ ਪਹਿਲਾਂ ਇੱਥੇ ਆਏ ਸਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਭਾਸ਼ਣ ਸੁਣਨ ਲਈ ਇੱਥੇ ਦੋ ਤੋਂ ਤਿੰਨ ਲੱਖ ਲੋਕ ਇਕੱਠੇ ਹੋਏ ਸਨ। ਮੈਨੂੰ ਨਹੀਂ ਪਤਾ ਕਿ ਉੱਥੇ ਕਿੰਨੇ ਲੋਕ ਸਨ। ਕੱਲ੍ਹ ਜਦੋਂ ਮੈਂ ਜਲੰਧਰ ਗਿਆ ਤਾਂ ਉੱਥੇ ਦੋ ਲੱਖ ਤੋਂ ਵੱਧ ਲੋਕ ਇਕੱਠੇ ਹੋਏ ਸਨ, ਪਰ ਹਿੰਦੂ ਅਤੇ ਕਾਂਗਰਸ ਦੇ ਅਖ਼ਬਾਰਾਂ ਨੇ ਦੱਸਿਆ ਕਿ ਉੱਥੇ ਸਿਰਫ 35 ਹਜ਼ਾਰ ਲੋਕ ਇਕੱਠੇ ਹੋਏ ਸਨ। ਮੈਂ ਸਿਰਫ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਕਾਂਗਰਸ ਦੀ ਕੌਂਸਲ ਹੈ, ਭਾਵੇਂ ਦਰਸ਼ਕ ਬਹੁਤ ਘੱਟ ਹਨ, ਉਹ ਛਾਪਣਗੇ ਕਿ ਮੀਟਿੰਗ ਵਿੱਚ ਬਹੁਤ ਵੱਡੀ ਭੀੜ ਇਕੱਠੀ ਹੋਈ ਸੀ। ਜੇ ਪੰਜ ਹਨ, ਤਾਂ ਉਹ ਪੰਜਾਹ ਲਿਖਣਗੇ, ਜੇ ਪੰਜਾਹ ਹਨ, ਤਾਂ ਉਹ ਪੰਜ ਸੌ ਲਿਖਣਗੇ, ਜੇ ਪੰਜ ਸੌ ਹਨ, ਤਾਂ ਉਹ ਪੰਜ ਹਜ਼ਾਰ ਲਿਖਣਗੇ, ਅਤੇ ਜੇ ਪੰਜ ਹਜ਼ਾਰ ਹਨ, ਤਾਂ ਉਹ ਪੰਜ ਲੱਖ ਛਾਪਣਗੇ। ਮੈਂ ਹੈਰਾਨ ਨਹੀਂ ਹਾਂ ਕਿ ਇਹ ਅਖ਼ਬਾਰ ਝੂਠੀ ਜਾਣਕਾਰੀ ਦੇ ਰਹੇ ਹਨ ਅਤੇ ਝੂਠੀ ਆਲੋਚਨਾ ਕਰ ਰਹੇ ਹਨ। ਇਹ ਅਖ਼ਬਾਰ ਕਈ ਸਾਲਾਂ ਤੋਂ ਮੇਰੀ ਆਲੋਚਨਾ ਕਰਦੇ ਆ ਰਹੇ ਹਨ। ਪਰ ਫਿਰ ਵੀ ਮੈਂ ਸਰੀਰਕ ਅਤੇ ਮਾਨਸਿਕ ਤੌਰ ‘ਤੇ ਮਜ਼ਬੂਤ ਬਣ ਕੇ ਉੱਭਰਿਆ। ਮੈਂ ਵੱਡੀ ਭੀੜ ਦੇ ਸਾਹਮਣੇ ਬੋਲਣਾ ਪਸੰਦ ਨਹੀਂ ਕਰਦਾ। ਮੈਂ ਚਾਹੁੰਦਾ ਹਾਂ ਕਿ ਸਾਡੇ ਲੋਕ ਇਨ੍ਹਾਂ ਹਿੰਦੂ ਲੋਕਾਂ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਦਾ ਸਾਹਮਣਾ ਕਰਨ ਲਈ ਇਕਜੁੱਟ ਹੋਣ। ਮੈਂ ਤੁਹਾਡੇ ਵਿਚਾਰ ਸੁਣਨਾ ਚਾਹੁੰਦਾ ਹਾਂ। ਫਿਰ ਉਹ ਬਹੁਤ ਵੱਡੀ ਗਿਣਤੀ ਵਿੱਚ ਇਕੱਠੇ ਹੁੰਦੇ ਹਨ ਜਾਂ ਘੱਟ ਗਿਣਤੀ ਵਿੱਚ, ਮੇਰੇ ਲਈ ਇਹ ਮਹੱਤਵਪੂਰਨ ਨਹੀਂ ਹੈ।

ਹਰ ਸਿਆਸੀ ਪਾਰਟੀ ਨੇ ਆਪਣਾ ਚੋਣ ਮਨੋਰਥ ਪੱਤਰ ਐਲਾਨ ਦਿੱਤਾ ਹੈ। ਹਰ ਪੱਖ ਨੇ ਭਰੋਸਾ ਦਿੱਤਾ ਹੈ ਕਿ ਜੇਕਰ ਉਹ ਜਿੱਤ ਜਾਂਦੇ ਹਨ ਤਾਂ ਉਹ ਅਜਿਹਾ ਕਰਨਗੇ। ਅਨੁਸੂਚਿਤ ਜਾਤੀ ਫੈਡਰੇਸ਼ਨ ਨੇ ਵੀ ਆਪਣਾ ਮੈਨੀਫੈਸਟੋ ਜਾਰੀ ਕਰ ਦਿੱਤਾ ਹੈ। ਸਭ ਤੋਂ ਪਹਿਲਾਂ ਕਾਂਗਰਸ ਨੇ ਆਪਣਾ ਵਿਸ਼ਾਲ ਚੋਣ ਮਨੋਰਥ ਪੱਤਰ ਜਾਰੀ ਕੀਤਾ। ਪਰ ਜਦੋਂ ਉਸ ਨੂੰ ਅਹਿਸਾਸ ਹੋਇਆ ਕਿ ਆਮ ਆਦਮੀ ਉਸ ਨੂੰ ਸਮਝ ਨਹੀਂ ਸਕੇਗਾ , ਇਸ ਲਈ ਉਨ੍ਹਾਂ ਨੇ ਇਸ ਵਿੱਚ ਬਦਲਾਅ ਕਰਕੇ ਇਸ ਨੂੰ ਛੋਟਾ ਕਰ ਦਿੱਤਾ। ਦਿਨ-ਬ-ਦਿਨ ਉਨ੍ਹਾਂ ਦਾ ਮੈਨੀਫੈਸਟੋ ਛੋਟਾ ਹੁੰਦਾ ਜਾਵੇਗਾ ਅਤੇ ਮੈਨੂੰ ਲੱਗਦਾ ਹੈ ਕਿ ਇੱਕ ਦਿਨ ਅਜਿਹਾ ਆਵੇਗਾ ਜਦੋਂ ਕਾਂਗਰਸ ਦਾ ਕੋਈ ਮੈਨੀਫੈਸਟੋ ਨਹੀਂ ਹੋਵੇਗਾ।

## 28 ਅਕਤੂਬਰ, 1951 ਨੂੰ ਲੁਧਿਆਣਾ ਵਿੱਚ ਬਾਬਾ ਸਾਹਿਬ ਡਾਕਟਰ ਅੰਬੇਡਕਰ ਦਾ ਭਾਸ਼ਨ

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਨੀਫੈਸਟੋ ਵਿੱਚ ਕੀ ਹੋਣਾ ਚਾਹੀਦਾ ਹੈ ਅਤੇ ਕੀ ਨਹੀਂ ਹੋਣਾ ਚਾਹੀਦਾ।ਇਹ ਸਾਰੀਆਂ ਸਿਆਸੀ ਪਾਰਟੀਆਂ ਨੂੰ ਮੇਰੀ ਚੁਣੌਤੀ ਹੈ। ਕਿ ਉਹ ਵਧੀਆ ਮੈਨੀਫੈਸਟੋ ਚੁਣਨ ਲਈ ਕਮੇਟੀ ਬਣਾਵੇ। ਮੈਨੂੰ ਕੋਈ ਸ਼ੱਕ ਨਹੀਂ ਹੈ ਕਿ ਸਾਡਾ ਮੈਨੀਫੈਸਟੋ ਸਭ ਤੋਂ ਵਧੀਆ ਸਾਬਤ ਹੋਵੇਗਾ। ਸਾਰੀਆਂ ਪਾਰਟੀਆਂ ਨੇ ਆਪੋ-ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਜਨਤਾ ਨੂੰ ਕਈ ਤਰ੍ਹਾਂ ਦੇ ਭਰੋਸੇ ਦਿੱਤੇ ਹਨ। ਭਰੋਸਾ ਦੇਣਾ ਬਹੁਤ ਆਸਾਨ ਹੈ। ਪਰ ਉਹਨਾਂ ਨੂੰ ਹਕੀਕਤ ਵਿੱਚ ਲਿਆਉਣਾ ਬਹੁਤ ਔਖਾ ਹੈ। ਜੇ ਤੁਸੀਂ ਇੱਕ ਚੀਜ਼ ਦਾ ਭਰੋਸਾ ਦੇ ਸਕਦੇ ਹੋ, ਤਾਂ ਤੁਸੀਂ ਸੌ ਚੀਜ਼ਾਂ ਦਾ ਭਰੋਸਾ ਵੀ ਦੇ ਸਕਦੇ ਹੋ। ਮੈਨੀਫੈਸਟੋ ਸਿਰਫ਼ ਭਰੋਸੇ ਦੀ ਸੂਚੀ ਨਹੀਂ ਹੋਣੀ ਚਾਹੀਦੀ। ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਨੂੰ ਚੋਣ ਮਨੋਰਥ ਪੱਤਰ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਸਮੱਸਿਆਵਾਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ, ਇਸ ਬਾਰੇ ਵੀ ਵਿਚਾਰ ਪ੍ਰਗਟ ਕੀਤੇ ਜਾਣੇ ਚਾਹੀਦੇ ਹਨ। ਕੀ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਅਜਿਹਾ ਕੁਝ ਹੈ? ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਸਿਰਫ਼ ਇੱਕ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ ਅਤੇ ਉਹ ਹੈ ਮੁਸਲਿਮ ਸਮੱਸਿਆ। ਕੀ ਇਸ ਮੁੱਦੇ 'ਤੇ ਕਦੇ ਸਹਿਮਤੀ ਬਣ ਸਕਦੀ ਹੈ? ਵੰਡ ਤੋਂ ਪਹਿਲਾਂ ਜਦੋਂ ਪਾਕਿਸਤਾਨ ਨਹੀਂ ਸੀ, ਉਦੋਂ ਵੀ ਮੁਸਲਮਾਨਾਂ ਦੀ ਸਮੱਸਿਆ ਸੀ। ਪਰ ਇਹ ਇਕੋ ਇਕ ਸਮੱਸਿਆ ਨਹੀਂ ਸੀ ਜੋ ਦੇਸ਼ ਨੂੰ ਦਰਪੇਸ਼ ਸੀ। ਵੱਡੀ ਗਿਣਤੀ ਵਿੱਚ ਮੁਸਲਮਾਨ ਪਾਕਿਸਤਾਨ ਚਲੇ ਗਏ ਅਤੇ ਹੁਣ ਭਾਰਤ ਵਿੱਚ ਸਿਰਫ਼ ਹਿੰਦੂ, ਸਿੱਖ ਅਤੇ ਹੋਰ ਘੱਟ ਗਿਣਤੀਆਂ ਬਚੀਆਂ ਹਨ। ਕੀ ਤੁਹਾਨੂੰ ਲੱਗਦਾ ਹੈ ਕਿ ਭਾਰਤ ਹੁਣ ਮੁਸਲਮਾਨਾਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ? ਕੀ ਤੁਸੀਂ ਇਸ ਗੱਲ ਨੂੰ ਸਵੀਕਾਰ ਕਰ ਸਕਦੇ ਹੋ ਕਿ ਅਛੂਤਾਂ ਲਈ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ ਜੋ ਮੁਸਲਮਾਨਾਂ ਨਾਲੋਂ ਦਸ ਗੁਣਾ ਗਰੀਬ ਹਨ? ਸਰਕਾਰ ਨੂੰ ਅਨੁਸੂਚਿਤ ਜਾਤੀਆਂ, ਕਬਾਇਲੀਆਂ, ਅਪਰਾਧੀ ਭਾਈਚਾਰਿਆਂ, ਖਾਨਾਬਦੋਸ਼ਾਂ ਆਦਿ ਵੱਲ ਸਭ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ, ਪਰ ਕਾਂਗਰਸੀ ਲੋਕਾਂ ਨੂੰ ਜਾਤੀਵਾਦੀ ਨਾ ਬਣਨ ਅਤੇ ਪੱਛੜੀਆਂ ਜਾਤੀਆਂ ਲਈ ਵਿਸ਼ੇਸ਼ ਪ੍ਰਬੰਧਾਂ ਦੀ ਮੰਗ ਕਰਨ ਲਈ ਕਹਿ ਰਹੇ ਹਨ। ਭਾਰਤ ਦੀ ਦੂਜੀ ਸਮੱਸਿਆ ਗਰੀਬੀ ਹੈ। ਭਾਰਤ ਦੇ ਲੋਕ ਬਹੁਤ ਗਰੀਬ ਹਨ। ਉਹ ਇੰਨੇ ਗ਼ਰੀਬ ਹਨ ਕਿ 90 ਫ਼ੀਸਦੀ ਲੋਕਾਂ ਨੂੰ ਸਹੀ ਭੋਜਨ ਵੀ ਨਹੀਂ ਮਿਲਦਾ। ਉਨ੍ਹਾਂ ਕੋਲ ਕੱਪੜੇ ਨਹੀਂ ਹਨ। ਉਨ੍ਹਾਂ ਦੇ ਸਿਰ ਉੱਤੇ ਕੋਈ ਛੱਤ ਨਹੀਂ ਹੈ। ਹਰ ਸਾਲ ਲੱਖਾਂ ਰੁਪਏ ਦਾ ਅਨਾਜ ਵਿਦੇਸ਼ਾਂ ਤੋਂ ਆਯਾਤ ਕੀਤਾ ਜਾਂਦਾ ਹੈ। ਅਸੀਂ ਜਿਉਂਦੇ ਕਿਵੇਂ ਰਹਿ ਸਕਦੇ ਹਾਂ? ਪਰ ਕਾਂਗਰਸੀਆਂ ਕੋਲ ਇਨ੍ਹਾਂ ਸਾਰੀਆਂ ਗੱਲਾਂ ਲਈ ਸਮਾਂ ਨਹੀਂ ਹੈ। ਉਨ੍ਹਾਂ ਨੂੰ ਸਿਰਫ਼ ਇੱਕ ਹੀ ਸਮੱਸਿਆ ਹੈ ਅਤੇ ਉਹ ਹੈ ਮੁਸਲਮਾਨਾਂ ਦੀ ਸਮੱਸਿਆ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਆਉਣ ਵਾਲੀਆਂ ਚੋਣਾਂ ਵਿੱਚ ਅਸੀਂ ਅਨੁਸੂਚਿਤ ਜਾਤੀਆਂ ਫੈਡਰੇਸ਼ਨ ਦੇ ਉਮੀਦਵਾਰ ਖੜ੍ਹੇ ਕਰ ਰਹੇ ਹਾਂ। ਅਨੁਸੂਚਿਤ ਜਾਤੀ ਫੈਡਰੇਸ਼ਨ ਸਾਰੀਆਂ ਪੱਛੜੀਆਂ ਜਾਤੀਆਂ ਦੀ ਪ੍ਰਤੀਨਿਧੀ ਸੰਸਥਾ ਹੈ। ਇਸ ਵਿੱਚ ਹਰ ਪੱਛੜੇ ਵਰਗ ਦੀ ਨੁਮਾਇੰਦਗੀ ਕੀਤੀ ਜਾਵੇਗੀ। ਇਸ ਪਾਰਟੀ ਤੋਂ ਕਿਸੇ ਨੂੰ ਡਰਨਾ ਨਹੀਂ ਚਾਹੀਦਾ। ਚਮਾਰ ਅਤੇ ਭੰਗੀਆਂ ਬਰਾਬਰ ਗਿਣਤੀ ਵਿੱਚ ਹਨ। ਅਸੀਂ ਇੱਕੋ ਭਾਈਚਾਰਿਕ ਵਰਗ ਨਾਲ ਸਬੰਧ ਰੱਖਦੇ ਹਾਂ ਇਸ ਲਈ ਸਾਨੂੰ ਇੱਕ ਦੂਜੇ ਨਾਲ ਨਹੀਂ ਲੜਨਾ ਚਾਹੀਦਾ। ਮੈਂ ਸਾਰੇ ਮਰਦਾਂ ਅਤੇ ਔਰਤਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਪੋਲਿੰਗ ਵਾਲੇ ਦਿਨ ਸਾਰੇ ਕੰਮ ਨੂੰ ਪਾਸੇ ਰੱਖਣ ਅਤੇ ਪੋਲਿੰਗ ਬੂਥ 'ਤੇ ਜਾ ਕੇ ਵੋਟ ਪਾਉਣ। ਪਹਿਲਾਂ ਹੀ ਸਾਡੀਆਂ ਵੋਟਾਂ ਕਾਫ਼ੀ ਨਹੀਂ ਹਨ ਅਤੇ ਜੇ ਤੁਸੀਂ ਉਸ ਦਿਨ ਵੋਟ ਨਹੀਂ ਪਾ ਸਕਦੇ, ਤਾਂ ਇਹ ਸਾਡੇ ਲਈ ਚੰਗਾ ਨਹੀਂ ਹੋਵੇਗਾ। ਸਾਡੇ ਸਮਾਜ ਨੂੰ ਨੁਮਾਇੰਦਗੀ ਤੋਂ ਬਿਨਾਂ ਛੱਡ ਦਿੱਤਾ ਜਾਵੇਗਾ। ਚੋਣ ਦਾ ਦਿਨ ਅਨੁਸੂਚਿਤ ਜਾਤੀਆਂ ਲਈ ਜੀਵਨ ਅਤੇ ਮੌਤ ਦਾ ਦਿਨ ਹੈ।

ਆਉਣ ਵਾਲੀਆਂ ਚੋਣਾਂ ਵਿੱਚ ਹਿੱਸਾ ਲੈਣ ਵਾਲੀਆਂ ਹਰੇਕ ਸਿਆਸੀ ਪਾਰਟੀ ਨੂੰ ਇੱਕ ਚੋਣ ਨਿਸ਼ਾਨ ਦਿੱਤਾ ਗਿਆ ਹੈ। ਸਾਡੀ ਫੈਡਰੇਸ਼ਨ ਦਾ ਪ੍ਰਤੀਕ ਹਾਥੀ ਹੈ। ਮੈਂ ਇਸ ਚਿੰਨ੍ਹ ਨੂੰ ਇਸ ਲਈ ਚੁਣਿਆ ਹੈ ਤਾਂ ਜੋ ਸਾਡੇ ਲੋਕਾਂ ਦੇ ਮਨਾਂ ਵਿੱਚ ਕੋਈ ਉਲਝਣ ਨਾ ਰਹੇ। ਕੁੱਝ ਪਾਰਟੀਆਂ ਨੇ ਬਲਦ, ਘੋੜਾ ਜਾਂ ਖੇਤੇ ਨੂੰ ਚੁਣਿਆ ਹੈ ਪਰ ਸਪਸ਼ਟਤਾ ਲਈ ਮੈਂ ਹਾਥੀ ਨੂੰ ਚੁਣਿਆ ਹੈ। ਇੱਕ ਉਮੀਦਵਾਰ ਚੋਣ ਵਿੱਚ ਪਾਏ ਗਏ ਸਾਰੇ ਵੋਟ ਨਹੀਂ ਜਿੱਤ ਸਕਦਾ। ਕਿਉਂਕਿ ਇਸ ਵਾਰ ਕੋਈ ਸੰਚਤ (cumulative ) ਵੋਟਿੰਗ ਪ੍ਰਣਾਲੀ ਨਹੀਂ ਹੈ। ਹੁਣ ਵੰਡਣ (distributive) ਵਾਲੀ ਵੋਟਿੰਗ ਦਾ ਤਰੀਕਾ ਹੈ। ਇਸ ਲਈ ਵੱਖ-ਵੱਖ ਉਮੀਦਵਾਰਾਂ ਨੂੰ ਆਪਣੀ ਵੋਟ ਪਾਉਣੀ ਪੈਂਦੀ ਹੈ। ਇੱਕ ਨੂੰ ਇੱਕ ਆਮ ਉਮੀਦਵਾਰ ਨੂੰ ਅਤੇ ਦੂਜੇ ਨੂੰ ਰਾਖਵੀਂ ਸੀਟ ਤੋਂ ਚੋਣ ਲੜਨ ਵਾਲੇ ਉਮੀਦਵਾਰ ਨੂੰ ਵੋਟ ਪਾਉਣੀ ਪਵੇਗੀ। ਅਸੀਂ ਰਾਖਵੀਂ ਸੀਟ ਤੋਂ ਚੋਣ ਲੜਨ ਵਾਲੇ ਉਮੀਦਵਾਰ ਨੂੰ ਆਪਣੀਆਂ ਦੋਵੇਂ ਵੋਟਾਂ ਨਹੀਂ ਦੇ ਸਕਦੇ। ਅਸੀਂ ਸਿਰਫ਼ ਆਪਣੀ ਰਾਏ ਦੇ ਸਕਦੇ ਹਾਂ। ਇਸ ਦੇ ਨਾਲ ਹੀ ਸਾਨੂੰ ਆਪਣੀ ਦੂਜੀ ਵੋਟ ਆਮ ਥਾਵਾਂ 'ਤੇ ਖੜ੍ਹੇ ਕਿਸੇ ਹੋਰ ਨੂੰ ਦੇਣੀ ਪਵੇਗੀ। ਇਸ ਲਈ ਸਾਨੂੰ ਉਸ ਪਾਰਟੀ ਨਾਲ ਸਮਝੌਤਾ ਕਰਨਾ ਪੈਂਦਾ ਹੈ ਜੋ ਆਪਣੀ ਇੱਕ ਵੋਟ ਸਾਡੇ ਉਮੀਦਵਾਰ ਨੂੰ ਦਿੰਦਾ ਹੈ ਅਤੇ ਅਸੀਂ ਆਪਣੀ ਇੱਕ ਵੋਟ ਉਨ੍ਹਾਂ ਦੇ ਉਮੀਦਵਾਰ ਨੂੰ ਦਿੰਦੇ ਹਾਂ। ਅਸੀਂ ਹਾਲੇ ਇਹ ਤੈਅ ਨਹੀਂ ਕੀਤਾ ਹੈ ਕਿ ਕਿਸ ਪਾਰਟੀ ਨਾਲ ਹੱਥ ਮਿਲਾਉਣਾ ਹੈ। ਕਈ ਪਾਰਟੀਆਂ ਸਾਡੇ ਕੋਲ ਚੋਣਾਂ ਲਈ ਆਈਆਂ ਸਨ ਪਰ ਅਸੀਂ ਹਾਲੇ ਤੱਕ ਇਸ ਬਾਰੇ ਅੰਤਿਮ ਫੈਸਲਾ ਨਹੀਂ ਲਿਆ ਹੈ ਕਿ ਕਿਸ ਪਾਰਟੀ ਨਾਲ ਗੱਠਜੋੜ ਕਰਨਾ ਹੈ। ਗੱਲਬਾਤ ਚੱਲ ਰਹੀ ਹੈ। ਸਾਨੂੰ ਕਿਸੇ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ। ਪਰ ਕਿਸੇ ਨਾ ਕਿਸੇ ਮੋੜ 'ਤੇ ਸਾਨੂੰ ਇਸ ਨਾਲ ਸਮਝੌਤਾ ਕਰਨਾ ਹੀ ਪਵੇਗਾ।

ਅੰਤ ਵਿੱਚ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ, ਉੱਤਰ ਪ੍ਰਦੇਸ਼ ਅਤੇ ਹੋਰ ਦੂਰ-ਦੁਰਾਡੇ ਰਾਜਾਂ ਦੇ ਲੋਕ ਆਪਣੀਆਂ ਸ਼ਿਕਾਇਤਾਂ ਲੈ ਕੇ ਦਿੱਲੀ ਆਉਂਦੇ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਮਕਾਨ ਮਾਲਕ ਨੇ ਉਨ੍ਹਾਂ ਨੂੰ ਕੁੱਟਿਆ ਅਤੇ ਜਦੋਂ ਉਨ੍ਹਾਂ ਨੇ ਸਬੰਧਤ ਅਧਿਕਾਰੀ ਤੋਂ ਨਿਆਂ ਮੰਗਿਆ ਤਾਂ ਉਨ੍ਹਾਂ ਵਿਰੁੱਧ ਫੈਸਲਾ ਦਿੱਤਾ ਗਿਆ। ਕਿਉਂਕਿ ਜੋ ਲੋਕ ਅਧਿਕਾਰੀ ਦੀ ਥਾਂ 'ਤੇ ਸਨ, ਉਹ ਜਾਤੀ ਹਿੰਦੂ ਸਨ। ਅਜਿਹੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਹਨ ਜਿਨ੍ਹਾਂ ਦਾ ਹੱਲ ਨਹੀਂ ਕੀਤਾ ਜਾ ਸਕਦਾ, ਰਿਸ਼ਵਤ ਤੋਂ ਬਿਨਾਂ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋਵੇਗੀ। ਬਹੁਤ ਸਾਰੇ ਲੋਕ ਆਪਣੇ ਪਿੰਡ ਛੱਡ ਰਹੇ ਹਨ। ਇਸ ਲਈ ਮੈਂ ਦਿੱਲੀ ਵਿੱਚ ਇੱਕ ਇਮਾਰਤ ਬਣਾਉਣ ਦਾ ਫੈਸਲਾ ਕੀਤਾ ਹੈ। ਸਾਡੇ ਕੋਲ ਇੱਕ ਵਕੀਲ ਹੈ। ਉਹ ਆਪਣੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੇਗਾ ਅਤੇ ਸਲਾਹ ਦੇਵੇਗਾ। ਇਸ ਤੋਂ ਪਹਿਲਾਂ ਅਸੀਂ ਇਸ ਕੰਮ ਲਈ ਦਿੱਲੀ ਵਿੱਚ ਜ਼ਮੀਨ ਦਾ ਇੱਕ ਟੁਕੜਾ ਖਰੀਦਿਆ ਹੈ। ਹੁਣ ਉੱਥੇ ਹੀ ਇਮਾਰਤ ਬਣਨੀ ਹੈ। ਇਹ ਤੁਹਾਡੀ ਫੈਡਰੇਸ਼ਨ ਦਾ ਦਫ਼ਤਰ ਹੋਵੇਗਾ। ਬਾਹਰੋਂ ਆਉਣ ਵਾਲੇ ਲੋਕਾਂ ਦਾ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾਣਗੀਆਂ। ਸਾਡੇ ਕੋਲ ਇਸ ਇਮਾਰਤ ਨੂੰ ਬਣਾਉਣ ਲਈ ਪੈਸੇ ਨਹੀਂ ਹਨ। ਇਸ ਲਈ ਮੈਂ ਤੁਹਾਨੂੰ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੀ ਸਮਰੱਥਾ ਅਨੁਸਾਰ ਦਾਨ ਕਰੋ। ਇਸ ਤਰ੍ਹਾਂ ਅਸੀਂ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਦੇ ਹਾਂ। ਦਿੱਲੀ ਤੋਂ ਬਾਬਾ ਤੁਲਾਦਾਸ ਫੰਡ ਇਕੱਠਾ ਕਰਨ ਲਈ ਪੰਜਾਬ ਜਾਣਗੇ। ਇਸ ਤਰ੍ਹਾਂ ਅਸੀਂ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਦੇ ਹਾਂ। ਮੈਂ ਇੱਕ ਵਾਰ ਫਿਰ ਤੁਹਾਨੂੰ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਉਦਾਰ ਬਣੋ ਅਤੇ ਇਸ ਨੇਕ ਕੰਮ ਵਿੱਚ ਮੇਰੀ ਮਦਦ ਕਰੋ।

# ਸੀਨੀਅਰ ਸਿਟੀਜਨ ਦੇ ਜਨਮ ਦਿਨ ਸਮਾਰੋਹ ਵਿੱਚ ਨਗਰ ਕੌਂਸਲ ਪ੍ਰਧਾਨ ਨੇ ਕੀਤੀ ਵਿਸ਼ੇਸ਼ ਤੌਰ ਤੇ ਸ਼ਮੂਲੀਅਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com




ਸੰਗਰੂਰ,29 ਅਕਤੂਬਰ (ਜਗਸੀਰ ਸਿੰਘ)- ਸਥਾਨਕ ਬਨਾਸਰ ਬਾਗ ਵਿਖੇ ਸਥਿਤ ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਦਫਤਰ ਵਿਖੇ ਮਹੀਨਾਵਾਰੀ ਜਨਮ ਦਿਨ ਸਮਾਰੋਹ ਡਾ ਨਰਵਿੰਦਰ ਸਿੰਘ ਕੌਸ਼ਲ ਪ੍ਰਧਾਨ ਅਤੇ ਇੰਜ ਪਰਵੀਨ ਬਾਂਸਲ ਚੇਅਰਮੈਨ ਦੀ ਅਗਵਾਈ ਵਿੱਚ ਕੀਤਾ ਗਿਆ। ਉਨ੍ਹਾਂ ਦੇ ਨਾਲ ਦਲਜੀਤ ਸਿੰਘ ਜ਼ਖਮੀ ਸਰਪ੍ਰਸਤ ਵੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਜਗਜੀਤ ਸਿੰਘ ਜੱਸਲ ਜਨਰਲ ਸਕੱਤਰ ਦੇ ਬਾਖੂਬੀ ਸਟੇਜ ਸੰਚਾਲਨ ਅਧੀਨ ਇੰਜ ਪਰਵੀਨ ਬਾਂਸਲ ਨੇ ਸਮੂਹ ਸੰਸਥਾ ਦੇ ਹਾਜ਼ਰ ਮੈਂਬਰਾਂ ਦਾ ਸਵਾਗਤ ਕੀਤਾ। ਉਪਰੰਤ ਰਾਕੇਸ਼ ਕੁਮਾਰ ਅਕੋਈ ਨੇ ਸੰਸਥਾ ਵੱਲੋਂ ਹੜ ਪੀੜਤਾਂ ਦੀ ਸਹਾਇਤਾ ਅਤੇ ਬਜ਼ੁਰਗਾਂ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਦੱਸਿਆ। ਭੁਪਿੰਦਰ ਸਿੰਘ ਜੱਸੀ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਸੰਸਥਾ ਦੇ ਵਿਹੜੇ ਵਿੱਚ ਆ ਕੇ ਬਜ਼ੁਰਗ ਸਾਥੀ ਜਿਥੇ ਆਪਣੇ ਸਾਥੀਆਂ ਨਾਲ ਦੁੱਖ ਸੁੱਖ ਸਾਂਝਾ ਕਰਦੇ ਹਨ ਉਥੇ ਵੱਖ ਵੱਖ ਢੰਗਾਂ ਨਾਲ ਮੰਨੋਰੰਜਨ ਕਰਕੇ ਤਨਾਅ ਮੁਕਤ ਵੀ ਹੁੰਦੇ ਹਨ। ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸ਼੍ਰੋਮਣੀ ਭਗਤ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਇਤਿਹਾਸ ਦੀਆਂ ਪ੍ਰੇਰਨਾਵਾਂ ਦਾ ਜ਼ਿਕਰ ਕੀਤਾ ਜਦੋਂ ਕਿ ਰਾਜ ਕੁਮਾਰ ਅਰੋੜਾ ਪੈਨਸ਼ਨਰਜ਼ ਆਗੂ ਅਤੇ ਸੀਨੀਅਰ ਮੀਤ ਪ੍ਰਧਾਨ ਨੇ ਜਨਮ ਦਿਨ ਵਾਲਿਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਘਰ ਘਰ ਵਿੱਚ ਚੱਲ ਰਹੀ ਬਿਮਾਰੀ ਦੀ ਹਵਾ ਤੇ ਚਿੰਤਾ ਪ੍ਰਗਟ ਕਰਦੇ ਹੋਏ ਪ੍ਰਧਾਨ ਜੀ ਨੂੰ ਸਬੰਧਤ ਬਜ਼ੁਰਗਾਂ ਦੀ ਸਿਹਤ ਦਾ ਪਤਾ ਕਰਨ ਅਤੇ ਬਣਦੀ ਲੋੜ ਸਹਾਇਤਾ ਦੇਣ ਦਾ ਸੁਨੇਹਾ ਦਿੱਤਾ। ਇਸ ਮੌਕੇ ਤੇ ਅਚਨਚੇਤ ਪਹੁੰਚੇ ਨਗਰ ਕੌਂਸਲ ਸੰਗਰੂਰ ਦੇ ਪ੍ਰਧਾਨ ਭੁਪਿੰਦਰ ਸਿੰਘ ਨਹਿਲ ਦਾ ਸਵਾਗਤ ਕਰਦਿਆਂ ਸੰਸਥਾ ਪ੍ਰਧਾਨ ਨਰਵਿੰਦਰ ਸਿੰਘ ਕੌਸ਼ਲ ਅਤੇ ਪ੍ਰਬੰਧਕਾਂ ਨੇ ਉਹਨਾ ਦਾ ਲੋਈ ਪਾ ਕੇ ਸਨਮਾਨਿਤ ਕੀਤਾ । ਆਪ ਨੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਉਹਨਾਂ ਨੂੰ ਮਾਣ ਹੈ ਕਿ ਇਸ ਸੰਸਥਾ ਵਿੱਚ ਉੱਚ ਅਧਿਕਾਰੀਆਂ ਤੋਂ ਲੈ ਕੇ ਵੱਖ ਵੱਖ ਮਹਿਕਮਿਆਂ ਦੇ ਸੇਵਾ ਮੁਕਤ ਕਰਮਚਾਰੀ ਸ਼ਾਮਲ ਹਨ।ਨਗਰ ਕੌਂਸਲ ਦੇ ਪ੍ਰਧਾਨ ਭੁਪਿੰਦਰ ਸਿੰਘ ਨਹਿਲ ਨੇ ਕਿਹਾ ਕਿ ਉਨ੍ਹਾਂ ਨੂੰ ਅੱਜ ਬਜ਼ੁਰਗਾਂ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਬਨਾਸਰ ਬਾਗ ਦੀਆਂ ਸੜਕਾਂ ਅਤੇ ਹੋਰ ਰੱਖ ਰਖਾਵ ਲਈ ਟੈਂਡਰ ਪਾਸ ਹੋ ਚੁੱਕਿਆ ਹੈ। ਉਪਰੰਤ ਸ਼ਕਤੀ ਮਿੱਤਲ, ਬਾਲ ਕ੍ਰਿਸ਼ਨ, ਸੱਤਦੇਵ ਸ਼ਰਮਾ, ਰਾਜ ਕੁਮਾਰ ਬਾਂਸਲ, ਨਿਰਮਲ ਸਿੰਘ ਮਾਣਾ, ਕੁਲਵੰਤ ਸਿੰਘ ਅਕੋਈ ਦੇ ਸਹਿਯੋਗ ਨਾਲ ਅਕਤੂਬਰ ਮਹੀਨੇ ਦੇ ਜਨਮ ਦਿਨ ਵਾਲੇ ਮੈਂਬਰਾਂ ਬਨਾਰਸੀ ਦਾਸ ਗੋਇਲ, ਕਰਨੈਲ ਸਿੰਘ, ਮੱਘਰ ਸਿੰਘ ਕਲਸੀ, ਏ ਪੀ ਸਿੰਘ ਬਾਬਾ, ਤਾਰਾ ਸਿੰਘ, ਸੰਤੋਸ਼ ਕੁਮਾਰ ਬਾਂਸਲ, ਓ ਪੀ ਖਿੱਪਲ, ਪਰਮਜੀਤ ਸਿੰਘ ਟਿਵਾਣਾ, ਸੁਭਾਸ਼ ਕੁਮਾਰ, ਅਮਰਜੀਤ ਪਾਲ ਸਿੰਘ, ਸੁਭਾਸ਼ ਚੰਦਰ ਸ਼ਰਮਾ, ਰਮੇਸ਼ ਕੁਮਾਰੀ ਗੋਇਲ ਆਦਿ ਨੂੰ ਪ੍ਰਧਾਨ, ਚੇਅਰਮੈਨ, ਉਪਰੋਕਤ ਬੁਲਾਰਿਆਂ ਦੇ ਨਾਲ ਪ੍ਰੀਤਮ ਸਿੰਘ, ਜਸਵੰਤ ਸਿੰਘ, ਹਰੀਦਾਸ ਸ਼ਰਮਾ, ਸੁਖਵਿੰਦਰ ਸਿੰਘ, ਰਾਮ ਲਾਲ ਪਾਂਧੀ, ਪਵਨ ਕੁਮਾਰ ਬਾਂਸਲ, ਲਾਭ ਸਿੰਘ, ਗੁਰਿੰਦਰਜੀਤ ਸਿੰਘ ਵਾਲੀਆ, ਹਰਬੰਸ ਲਾਲ ਗਰਗ, ਓ ਪੀ ਅਰੋੜਾ, ਜਗਜੀਤ ਇੰਦਰ ਸਿੰਘ, ਸੁਧੀਰ ਵਾਲੀਆ, ਸੁਰਿੰਦਰ ਸ਼ੋਰੀ, ਕੁਲਦੀਪ ਸਿੰਘ,ਸੁਮਨ ਜ਼ਖ਼ਮੀ, ਗੁਰਲਾਭ ਕੌਰ, ਜੋਗਿੰਦਰ ਕੌਰ, ਹਰਜੀਤ ਕੌਰ ਸਿੱਧੂ, ਕਮਲੇਸ਼ ਰਾਣੀ ਆਦਿ ਨੇ ਆਪਣੇ ਸਾਥੀਆਂ ਨੂੰ ਹਾਰ ਪਾ ਕੇ ਅਤੇ ਗਿਫਟ ਦੇ ਕੇ ਸਨਮਾਨਿਤ ਕੀਤਾ। ਇਸ ਸਮਾਗਮ ਵਿੱਚ ਸੰਸਥਾ ਦੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸੀਟੂ ਦੀ 17ਵੀਂ ਸੂਬਾ ਪੱਧਰੀ ਕਾਨਫਰੰਸ ਸੰਗਰੂਰ ਵਿਖੇ 25 ਤੇ 26 ਨਵੰਬਰ ਨੂੰ :ਚੰਦਰ ਸ਼ੇਖਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਅਕਤੂਬਰ INTERNATIONAL PAPER, 94636 01616 hardipchumber57@gmail.com



